# ਇਬਰਾਨੀਆਂ, ਅਧਿਆਇ ਚਾਰ

…ਸਾਡੇ ਮੁਬਾਰਕ ਪ੍ਰਭੂ ਬਾਰੇ ਹੋਰ ਜਾਣਨਾ ਹੈ। ਅਤੇ ਸਾਡਾ—ਸਾਡਾ ਇੱਥੇ ਇਕੱਠੇ ਹੋਣ ਦਾ ਇਹੀ ਉਦੇਸ਼ ਹੈ, ਉਸ ਉਦੇਸ਼ ਲਈ ਹੈ, ਅਤੇ, ਹੁਣ, ਅਤੇ ਪਰਮੇਸ਼ੁਰ ਦੇ ਬਿਮਾਰ ਬੱਚਿਆਂ ਲਈ ਪ੍ਰਾਰਥਨਾ ਕਰਨਾ। ਅਤੇ ਅੱਜ ਸਵੇਰੇ ਸਾਨੂੰ ਲਿੱਖਤਾਂ ਵਿੱਚੋਂ ਇੱਕ—ਇੱਕ ਸ਼ਾਨਦਾਰ ਬਰਕਤ ਮਿਲੀ।

2 ਅਸੀਂ ਕੋਸ਼ਿਸ਼ ਕਰ ਰਹੇ ਹਾਂ, ਹਰ ਸਭਾ ਵਿੱਚ, ਇੱਕ ਹਿੱਸਾ…ਮੈਂ ਇਬਰਾਨੀਆਂ ਦੀ ਕਿਤਾਬ ਵਿੱਚੋਂ ਸਿਖਾ ਰਿਹਾ ਹਾਂ, ਸਿਖਾ ਰਿਹਾ ਸੀ, ਹੁਣ ਪਿਛਲੇ ਦੋ ਹਫ਼ਤਿਆਂ ਤੋਂ। ਅਤੇ ਹੁਣ, ਜੇ ਪ੍ਰਭੂ ਦੀ ਇੱਛਾ ਹੋਈ, ਅਸੀਂ ਬੁੱਧਵਾਰ ਦੀ ਰਾਤ ਨੂੰ ਜਾਰੀ ਰੱਖਾਂਗੇ, ਫਿਰ ਐਤਵਾਰ ਦੀ ਸਵੇਰ ਅਤੇ ਐਤਵਾਰ ਦੀ ਰਾਤ ਨੂੰ, ਤੇ, ਜਿੰਨਾ ਚਿਰ ਮੈਂ ਇਸ ਵਾਰ ਵਿੱਚ ਇੱਥੇ ਰਹਾਂਗਾ। ਬੇਦਾਰੀ ਨਹੀਂ, ਪਰ ਇਹ ਬੇਦਾਰੀ ਹੈ, ਸਾਡੀਆਂ ਲਗਾਤਾਰ ਰਾਤਾਂ ਨੂੰ ਸਭਾਵਾਂ ਹੋ ਰਹੀਆਂ ਹਨ। ਅਤੇ ਇਸ ਲਈ ਅਸੀਂ ਬਹੁਤ, ਸ਼ਹਿਰਾਂ ਦੇ ਆਲੇ-ਦੁਆਲੇ ਤੋਂ ਆਪਣੇ ਚੰਗੇ ਦੋਸਤਾਂ ਨਾਲ ਮਿਲਣ ਦਾ ਸਮਾਂ ਪਾ ਕੇ ਬਹੁਤ ਖੁਸ਼ ਹਾਂ, ਅਤੇ ਇੱਥੇ ਫਾਲਸ ਸਿਟੀਜ਼ ਦੇ ਆਲੇ-ਦੁਆਲੇ। ਅਤੇ ਜੇਕਰ—ਜੇਕਰ ਅਸੀਂ ਕੁਝ ਰੱਦ ਕਰਦੇ ਹਾਂ ਜਾਂ ਕੁਝ ਹੁੰਦਾ ਹੈ, ਤਾਂ ਇਹ ਹੋ ਸਕਦਾ ਹੈ ਕਿ ਪ੍ਰਭੂ ਸਾਡੀ ਅਗਵਾਈ ਕਰ ਸਕਦਾ ਹੈ, ਬਹੁਤ ਜਲਦੀ, ਨੂੰ…ਹੋ ਸਕਦਾ ਹੈ ਕਿ ਅਸੀਂ ਕੁਝ ਰਾਤਾਂ ਬਿਤਾ ਸਕਦੇ ਹਾਂ, ਹੋ ਸਕਦਾ ਹੈ, ਜਿਮ ਵਿੱਚ ਜਾਂ ਕਿਤੇ ਹੋਰ, ਕੁਝ ਸਮੇਂ ਬਾਅਦ, ਜੇ ਪ੍ਰਭੂ ਉਸ ਰਾਹ ਵੱਲ ਅਗਵਾਈ ਕਰਦਾ ਜਾਪਦਾ ਹੈ, ਅਜਿਹੀ ਥਾਂ ਤੇ ਜਿੱਥੇ ਅਸੀਂ ਆਪਣੇ ਲੋਕਾਂ ਨੂੰ ਇਕੱਠੇ ਕਰ ਸਕਦੇ ਹਾਂ।

ਅਤੇ ਅਸੀਂ ਲੋਕਾਂ ਨੂੰ ਦੇਖਿਆ ਜਦ ਉੱਪਰ ਆ ਰਹੇ ਸਨ, ਅਤੇ ਵਾਪਸ ਜਾ ਰਹੇ ਸਨ, ਕਹਿੰਦੇ ਸਨ, "ਅੰਦਰ ਜਾਣ ਲਈ—ਲਈ ਜਗ੍ਹਾ ਨਹੀ ਸੀ।" ਬੇਸ਼ੱਕ, ਡੇਰਾ ਬਹੁਤ ਹੀ ਜਿਆਦਾ ਛੋਟਾ ਹੈ। ਇਸ ਵਿੱਚ ਬਹੁਤ ਹੀ ਘੱਟ, ਘੱਟ ਲੋਕਾਂ ਨੂੰ ਬਿਠਾਇਆ ਜਾ ਸਕਦਾ ਹੈ, ਅਤੇ ਅਸੀਂ ਬਹੁਤ ਖੁਸ਼ ਹਾਂ ਕਿ ਤੁਸੀਂ ਪ੍ਰਭੂ ਦੇ ਬਚਨ ਨੂੰ ਸੁਣਨ ਲਈ, ਬਾਹਰ ਨਿਕਲਣ ਅਤੇ ਗਰਮੀ ਵਿੱਚ ਬੈਠਣ ਲਈ ਤਿਆਰ ਹੋ। ਅਤੇ ਅਸੀਂ ਪ੍ਰਾਰਥਨਾ ਕਰ ਰਹੇ ਹਾਂ ਕਿ ਪਰਮੇਸ਼ੁਰ ਤੁਹਾਨੂੰ ਬਹੁਤ ਜ਼ਿਆਦਾ, ਭਰਪੂਰ ਅਸੀਸ ਦੇਵੇ ਅਤੇ ਤੁਹਾਡੀ ਮਦਦ ਕਰੇ।

3 ਅਤੇ ਹੁਣ, ਅੱਜ ਰਾਤ, ਅਸੀਂ ਚਾਹੁੰਦੇ ਹਾਂ, ਅਸੀਂ ਸ਼ੁਰੂ ਕਰ ਰਹੇ ਹਾਂ ਚੌਥੇ ਅਧਿ-…ਅੱਜ ਸਵੇਰੇ ਇੱਥੇ ਕਿੰਨੇ ਲੋਕ ਸਨ? ਚਲੋ ਤੁਹਾਡੇ ਹੱਥਾਂ ਨੂੰ ਵੇਖੀਏ। ਔਹ, ਇਹ ਸ਼ਾਨਦਾਰ ਹੈ, ਅਮਲੀ ਤੌਰ ਤੇ ਤੁਸੀਂ ਸਾਰੇ ਇੱਥੇ ਸੀ। ਅਤੇ ਅਸੀਂ

ਇਬਰਾਨੀਆਂ ਦੀ ਕਿਤਾਬ ਦੇ ਚੌਥੇ ਅਧਿਆਇ ਦੀ ਸ਼ੁਰੂਆਤ ਕਰ ਰਹੇ ਹਾਂ। ਔਹ, ਕਿੰਨੀ ਸ਼ਾਨਦਾਰ ਕਿਤਾਬ ਹੈ! ਕੀ ਤੁਸੀਂ ਇਸਦਾ ਆਨੰਦ ਮਾਣ ਰਹੇ ਹੋ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਅਤੇ ਇਹ ਲਿਖਤ ਦਰ ਲਿਖਤ ਮੇਲ ਖਾਂਦੀ ਹੈ।

4 ਅਤੇ ਪੌਲੁਸ, ਇਸ ਤੋਂ ਪਹਿਲਾਂ ਕਿ ਉਹ ਕਦੇ ਵੀ ਆਪਣੇ ਅਨੁਭਵ ਦੀ ਗਵਾਹੀ ਦਿੰਦਾ, ਉਸਨੂੰ ਪਹਿਲਾਂ ਅਰਬ ਜਾਣਾ ਪਿਆ ਅਤੇ ਲਿੱਖਤਾਂ ਦੁਆਰਾ, ਇਹ ਪਤਾ ਲਗਾਉਣਾ ਪਿਆ ਕਿ ਕੀ ਇਹ ਸੱਚ ਹੈ। ਮੈਨੂੰ ਇਹ ਪਸੰਦ ਹੈ। ਅਤੇ ਅੱਜ ਸਵੇਰ ਦੇ ਪਾਠ ਵਿੱਚ, ਸਾਨੂੰ ਅੱਜ ਸਵੇਰੇ ਉਪਦੇਸ਼ ਵਿੱਚ, ਸਾਨੂੰ ਪਤਾ ਲੱਗਾ, ਕਿ ਮਸੀਹ ਕੱਲ੍ਹ, ਅੱਜ ਅਤੇ ਸਦਾ ਲਈ ਇੱਕੋ ਜਿਹਾ ਸੀ। ਅਤੇ ਪੌਲੁਸ ਨੇ ਦੇਖਿਆ ਕਿ ਅੱਗ ਦਾ ਉਹੀ ਥੰਮ੍ਹ ਜੋ ਇਸਰਾਏਲੀਆਂ ਦੀ ਅਗਵਾਈ ਕਰਦਾ ਸੀ, ਉਸ ਨੂੰ ਦਮਿਸ਼ਕ ਦੇ ਰਸਤੇ ਤੇ ਮਿਲਿਆ ਸੀ। ਸਾਨੂੰ ਪਤਾ ਲੱਗਾ ਕਿ ਅੱਗ ਦਾ ਥੰਮ੍ਹ, ਜੋ ਇਸਰਾਏਲ ਦੇ ਲੋਕਾਂ ਨੂੰ ਉਜਾੜ ਵਿੱਚੋਂ ਬਾਹਰ ਲੈ ਗਿਆ, ਵਾਅਦਾ ਕੀਤੇ ਹੋਏ ਦੇਸ਼ ਵਿੱਚ, ਦੰਮਿਸਕ ਦੇ ਰਸਤੇ ਤੇ ਪੌਲੁਸ ਨੂੰ ਮਿਲਿਆ, ਅਤੇ ਆਪਣੇ ਆਪ ਨੂੰ, "ਯਿਸੂ" ਬੁਲਾਇਆ।

5 ਫਿਰ ਸਾਨੂੰ ਯਿਸੂ ਮਸੀਹ ਦੀ ਅਸਲ ਸਰਵਉੱਚ ਪਰਮੇਸ਼ੁਰਤਾਈ ਦਾ ਪਤਾ ਲੱਗਦਾ ਹੈ। ਇਹ ਸਾਰੀ ਕਿਤਾਬ ਕੇਵਲ ਯਿਸੂ ਮਸੀਹ ਦਾ ਪ੍ਰਕਾਸ਼ ਹੀ ਹੈ। ਅਤੇ ਉਹ ਆਉਂਦਾ ਹੈ, ਸਾਨੂੰ ਪਤਾ ਲੱਗਦਾ ਹੈ ਕਿ, "ਪਰਮੇਸ਼ੁਰ ਨੇ ਜਿਨ ਪਿਛਲਿਆਂ ਸਮਿਆਂ ਵਿੱਚ ਨਬੀਆਂ ਦੇ ਰਾਹੀਂ ਸਾਡੇ ਵੱਡਿਆਂ ਨਾਲ ਕਈਆਂ ਹਿੱਸਿਆਂ ਵਿੱਚ ਅਤੇ ਕਈ ਤਰੀਕਿਆਂ ਨਾਲ ਗੱਲ ਕੀਤੀ ਸੀ; ਇਨ੍ਹਾਂ ਦਿਨਾਂ ਦੇ ਅੰਤ ਵਿੱਚ ਆਪਣੇ ਪੁੱਤ੍ਰ, ਯਿਸੂ ਮਸੀਹ ਦੇ ਰਾਹੀਂ, ਉਸਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ।" ਅਤੇ ਉਤਪਤ ਤੋਂ ਲੈ ਕੇ ਪਰਕਾਸ਼ ਦੀ ਪੋਥੀ ਤਕ ਹੋਰ ਕੁਝ ਨਹੀਂ ਹੈ ਪਰ ਪ੍ਰਭੂ ਯਿਸੂ ਦਾ ਇੱਕ ਨਿਰੰਤਰ, ਅਨੰਤ, ਪ੍ਰਕਾਸ਼ਣ ਹੈ।

6 ਅਤੇ ਸਾਨੂੰ ਪਤਾ ਚਲਦਾ ਹੈ ਕਿ ਉਹ ਉਹੀ ਸੀ ਜੋ ਬਲਦੀ ਝਾੜੀ ਵਿੱਚ ਸੀ। ਸਾਨੂੰ ਪਤਾ ਚਲਦਾ ਹੈ ਕਿ ਉਹ ਉਹੀ ਸੀ ਜੋ ਜਗਤ ਦੀ ਨੀਂਹ ਤੋਂ ਪਹਿਲਾਂ ਪਰਮੇਸ਼ੁਰ ਦੇ ਨਾਲ ਸੀ। ਅਤੇ ਸਾਨੂੰ ਪਤਾ ਚਲਦਾ ਹੈ ਕਿ, ਨਵੇਂ ਨੇਮ ਵਿੱਚ, ਉਹ ਪਰਮੇਸ਼ੁਰ ਅਤੇ ਮਨੁੱਖ, ਦੋਵੇਂ ਸੀ। ਅਤੇ ਫਿਰ ਜਦੋਂ ਉਸਨੇ ਨਵੇਂ ਨੇਮ ਨੂੰ ਦਿੱਤਾ, ਸਵਰਗ ਵਿੱਚ ਜਾਣ ਲਈ, ਉਸਨੇ ਕਿਹਾ, "ਮੈਂ ਪਰਮੇਸ਼ੁਰ ਤੋਂ ਆਇਆ ਹਾਂ, ਅਤੇ ਮੈਂ ਪਰਮੇਸ਼ੁਰ ਕੋਲ ਜਾਂਦਾ ਹਾਂ।"

7 ਅਤੇ ਫਿਰ ਜਦੋਂ ਪੌਲੁਸ ਉਸਨੂੰ ਮਿਲਿਆ, ਤਾਂ ਉਹ ਉਸੇ ਰੂਪ ਵਿੱਚ ਸੀ ਜਿਵੇਂ ਉਹ ਸੀ ਜਦੋਂ ਉਸਨੇ ਇਸਰਾਏਲ ਦੀ ਅਗਵਾਈ ਕੀਤੀ, ਇੱਕ ਅੱਗ ਦਾ ਥੰਮ੍ਹ। ਅਤੇ ਪੌਲੁਸ ਨੇ ਉਸ ਦੇ ਮੂੰਹ ਵੱਲ ਤੱਕਿਆ, ਉਹ ਬਦਲਿਆ ਨਹੀਂ ਸੀ,

ਅਤੇ ਇਸ ਕਾਰਨ ਉਸਨੂੰ ਉਸਦੇ ਬਾਕੀ ਦਿਨਾਂ ਵਿੱਚ ਅੱਖਾਂ ਵਿੱਚ ਤਕਲੀਫ ਹੋਈ। ਉਹ ਅੰਨ੍ਹਾ ਹੋ ਗਿਆ, ਅਤੇ ਕਈ ਦਿਨਾਂ ਤੱਕ ਉਹ ਕੁਝ ਵੀ ਨਹੀਂ ਦੇਖ ਸਕਿਆ। ਉਸਨੂੰ ਸਿੱਧੀ ਨਾਮਕ ਗਲੀ ਵੱਲ ਲਿਜਾਣਾ ਪਿਆ।

8 ਅਤੇ ਉੱਥੇ ਪਰਮੇਸ਼ੁਰ ਦਾ ਇੱਕ ਨਬੀ ਸੀ ਜਿਸ ਨਾਲ ਉਸ ਨੇ ਗੱਲ ਕੀਤੀ, ਹਨਾਨਿਯਾਹ ਉਸਦਾ ਨਾਮ ਸੀ, ਜੋ ਅੰਦਰ ਆਇਆ, ਇੱਕ ਦਰਸ਼ਣ ਰਾਹੀਂ, ਅਤੇ ਪੌਲੁਸ ਉੱਤੇ ਆਪਣੇ ਹੱਥ ਰੱਖੇ ਅਤੇ ਕਿਹਾ, "ਭਾਈ ਸੌਲੁਸ, ਆਪਣੀ ਨਿਗਾਹ ਪ੍ਰਾਪਤ ਕਰੋ।"

9 ਅਤੇ ਸਾਨੂੰ ਪਤਾ ਲੱਗਦਾ ਹੈ, ਫਿਰ, ਉਹੀ ਪਵਿੱਤਰ ਆਤਮਾ, ਉਹੀ ਪ੍ਰਭੂ ਯਿਸੂ, ਇੱਕ ਚਾਨਣ ਦੇ ਰੂਪ ਵਿੱਚ ਪਤਰਸ ਕੋਲ ਆਇਆ ਅਤੇ ਉਸਨੂੰ ਜੇਲ੍ਹ ਵਿੱਚੋਂ ਛੁਡਾਇਆ।

10 ਅਤੇ ਅਸੀਂ ਦੇਖਦੇ ਹਾਂ ਕਿ ਉਹੀ ਪ੍ਰਭੂ ਯਿਸੂ, ਇਹਨਾਂ ਦਿਨਾਂ ਵਿੱਚ, ਅਜੇ ਵੀ ਅੱਗ ਦੇ ਉਸ ਥੰਮ੍ਹ (ਚਾਨਣ) ਵਿੱਚ ਹੈ ਜੋ ਉਸਦੇ ਲੋਕਾਂ (ਉਸ ਦੀ ਕਲਿਸੀਯਾ) ਦੀ ਅਗਵਾਈ ਕਰ ਰਿਹਾ ਹੈ, ਉਹੀ ਕੰਮ ਕਰ ਰਿਹਾ ਹੈ, ਦਰਸ਼ਨ ਦੇ ਰਿਹਾ ਹੈ; ਅੰਦਰ ਆਉਂਦਾ ਹੈ ਅਤੇ ਲੋਕਾਂ ਤੇ ਹੱਥ ਰੱਖਦਾ ਹੈ, ਇੱਕ ਦਰਸ਼ਨ ਦੁਆਰਾ। ਪ੍ਰਭੂ ਯਿਸੂ, ਜੋ ਪਿਛਲੇ ਐਤਵਾਰ ਸਵੇਰੇ ਘਰ ਵਿੱਚ ਮਿਲਿਆ, ਅਤੇ ਕਿਹਾ ਕਿ ਇੱਕ ਆਦਮੀ ਆ ਰਿਹਾ ਸੀ, ਕਾਲੇ ਸਿਰ-ਵਾਲਾ, ਜੋ ਸਫੇਦ ਹੋ ਰਿਹਾ ਹੈ। ਉਹ ਯੂਨਾਨੀ ਸੀ। ਉਸਦੀ ਪਤਨੀ ਅੱਧ-ਖੜ ਉਮਰ ਦੀ ਸੀ, ਅਤੇ ਜਗਵੇਦੀ ਉੱਤੇ ਰੋ ਰਹੀ ਹੋਵੇਗੀ।

11 ਉਨ੍ਹਾਂ ਵਿੱਚੋਂ ਕਈਆਂ ਨੂੰ ਇਸ ਬਾਰੇ ਦੱਸਿਆ ਸੀ, ਅਤੇ ਜਾਣਦੇ ਸਨ ਕਿ ਇਹ ਹੋ ਰਿਹਾ ਸੀ। ਉਹ ਅਪਾਹਜ ਵੀ ਸੀ, ਉਸਦੇ ਸਿਰ ਵਿੱਚ ਸੰਤੁਲਨ ਵਾਲੀ ਨਸ ਖਤਮ ਹੋ ਚੁੱਕੀ ਸੀ। ਉਹ ਆਪਣੇ ਪੈਰਾਂ ਜਾਂ ਅੰਗਾਂ ਤੇ ਵੀ ਕਾਬੂ ਨਹੀਂ ਰੱਖ ਸਕਦਾ ਸੀ। ਅਤੇ ਉਹ ਅੰਨ੍ਹਾ ਸੀ। ਅਤੇ ਇਸ ਨੂੰ ਦੋਹਰਾ ਸਬੂਤ ਬਣਾਉਣ ਲਈ: ਮੇਰੇ ਕੋਲ ਬਿਮਾਰਾਂ ਲਈ ਪ੍ਰਾਰਥਨਾ ਕਰਨ ਲਈ ਇੱਕ ਔਰਤ ਸੀ, ਪਹਿਲਾਂ, ਫਿਰ ਪਿੱਛੇ ਮੁੜਿਆ ਅਤੇ ਭਾਈ ਥੌਮ ਨੂੰ ਪ੍ਰਾਰਥਨਾ ਕਰਨ ਲਈ ਕਿਹਾ। ਅਤੇ ਅਸੀਂ, ਇੱਥੇ ਬੈਠੇ ਕੇ, ਇਸਨੂੰ ਹੁੰਦੇ ਹੋਏ ਵੇਖ ਰਹੇ ਸੀ। ਅਤੇ ਫਿਰ ਮੈਂ ਹੇਠਾਂ ਗਿਆ ਅਤੇ ਬਿਮਾਰਾਂ ਲਈ ਪ੍ਰਾਰਥਨਾ ਕੀਤੀ, ਅਤੇ ਵਾਪਸ ਚਲਿਆ ਗਿਆ। ਅਤੇ ਉਹ ਆਈ, ਬਿਲਕੁਲ ਦਰਸ਼ਣ ਦੇ ਅਨੁਸਾਰ, ਅਤੇ ਮੈਨੂੰ ਬਾਂਹ ਤੋਂ ਫੜ ਲਿਆ ਅਤੇ ਰੋਣ ਲੱਗ ਪਈ, ਅਤੇ ਕਿਹਾ ਕਿ ਡਾ. ਐਕਰਮੈਨ ਨੇ ਉਹਨਾਂ ਨੂੰ ਇੱਥੇ ਭੇਜਿਆ ਸੀ। ਡਾ. ਐਕਰਮੈਨ, ਇੱਕ ਕੈਥੋਲਿਕ, ਮੇਰਾ ਇੱਕ ਜਿਗਰੀ ਦੋਸਤ ਹੈ। ਉਸ ਦਾ ਲੜਕਾ ਇੱਥੇ ਸੰਤ ਮੇਨਰਾਡ ਦਾ—ਦਾ ਪਾਦਰੀ ਹੈ, ਅਤੇ ਇੰਡੀਆਨਾ ਵਿੱਚ। ਅਤੇ ਇਹ ਆਦਮੀ ਜੈਸਪਰ ਤੋਂ ਸੀ। ਅਤੇ ਪ੍ਰਭੂ ਨੇ ਉਸ

ਕੁਰਸੀ ਤੋਂ, ਉਸ ਨੂੰ ਚੰਗਾ ਕੀਤਾ। ਉਹ ਉੱਠ ਕੇ ਤੁਰ ਪਿਆ। ਉਹ ਕਿਸੇ ਹੋਰ ਵਾਂਗ ਚੰਗੀ ਤਰ੍ਹਾਂ ਦੇਖ ਸਕਦਾ ਸੀ। ਅਤੇ ਇਮਾਰਤ ਤੋਂ ਬਾਹਰ ਚਲੇ ਗਏ, ਚੰਗੇ ਅਤੇ ਪੂਰੇ। ਸਭ ਕੁਝ ਇੱਕ ਦਰਸ਼ਨ ਦੁਆਰਾ!

12 "ਭਾਈ ਸੌਲੁਸ, ਜਿਸ ਪ੍ਰਭੂ ਯਿਸੂ ਨੇ ਤੁਹਾਨੂੰ ਰਾਹ ਵਿੱਚ ਦਰਸਨ ਦਿੱਤਾ, ਉਸਨੇ ਮੈਨੂੰ ਭੇਜਿਆ ਹੈ ਕਿ ਮੈਂ ਤੁਹਾਡੇ ਉੱਤੇ ਹੱਥ ਰੱਖਾਂ, ਤਾਂ ਜੋ ਤੁਸੀਂ ਆਪਣੀ ਨਜ਼ਰ ਪ੍ਰਾਪਤ ਕਰ ਸਕੋ ਅਤੇ ਪਵਿੱਤਰ ਆਤਮਾ ਨਾਲ ਭਰ ਜਾਵੋ।" ਸ਼ਾਨਦਾਰ।

13 "ਤਦ ਸਾਨੂੰ ਪਤਾ ਲੱਗਦਾ ਹੈ, ਕਿ ਸਾਡੇ ਕੋਲ ਇਹ ਮਹਾਨ ਮੁਕਤੀ ਹੈ, ਸਾਨੂੰ ਨਹੀਂ ਕਰਨਾ ਚਾਹੀਦਾ...ਅਸੀਂ ਪਰਮੇਸ਼ੁਰ ਦੇ ਦੰਡ ਅਤੇ ਕ੍ਰੋਧ ਤੋਂ ਬਚ ਨਹੀਂ ਸਕਦੇ, ਜੇਕਰ ਅਸੀਂ ਅਜਿਹੀ ਮਹਾਨ ਮੁਕਤੀ ਦੀ ਅਣਦੇਖੀ ਕਰਦੇ ਹਾਂ।"

14 ਹੁਣ ਅਸੀਂ ਪੜ੍ਹਨਾ ਸ਼ੁਰੂ ਕਰਨ ਜਾ ਰਹੇ ਹਾਂ, ਅੱਜ ਰਾਤ, ਪੜ੍ਹਾਂਗੇ, ਅਤੇ ਇਬਰਾਨੀਆਂ ਦੀ ਕਿਤਾਬ ਦੇ ਚੌਥੇ ਅਧਿਆਇ ਨੂੰ ਸ਼ੁਰੂ ਕਰਨ ਜਾ ਰਹੇ ਹਾਂ। ਜੇਕਰ ਕੋਈ ਵੀ ਇਸ ਦੇ ਨਾਲ ਨਾਲ ਪੜ੍ਹਨਾ ਚਾਹੁੰਦਾ ਹੈ, ਤਾਂ ਸਾਡੇ ਕੋਲ ਇੱਥੇ ਕੁਝ ਬਾਈਬਲਾਂ ਹਨ। ਜੇ ਉਹ ਚਾਹੁੰਦੇ ਸਨ, ਤਾਂ ਕਿਉਂ ਨਹੀਂ, ਸੇਵਾਦਾਰਾਂ ਵਿੱਚੋਂ ਕੋਈ ਤੁਹਾਡੇ ਲਈ ਇੱਕ ਲੈ ਆਵੇਗਾ, ਜੇ ਤੁਸੀਂ ਆਪਣਾ ਹੱਥ ਖੜਾ ਕਰੋਗੇ ਤਾਂ, ਇਹ—ਇਹ ਬਾਈਬਲਾਂ। ਜੇ ਏਥੋਂ ਕੋਈ ਭਾਈ ਲੈ ਆਵੇਗਾ...ਉੱਥੇ ਦੋ ਬਾਈਬਲਾਂ ਪਈਆਂ ਹਨ, ਮੈਨੂੰ ਯਕੀਨ ਹੈ।

15 ਅਤੇ ਹੁਣ ਅਸੀਂ ਜਲਦੀ ਕਰਾਂਗੇ, ਕਿਉਂਕਿ ਸਾਡੇ ਕੋਲ ਥੋੜ੍ਹੀ ਦੇਰ ਬਾਅਦ ਭਾਈਚਾਰੇ ਦੀ ਸਾਂਝ ਦਾ ਭੋਜ ਹੈ। ਅਤੇ ਜਿੱਥੇ ਅਸੀਂ ਅੱਜ ਰਾਤ ਨੂੰ ਬੰਦ ਕਰਾਂਗੇ, ਬੁੱਧਵਾਰ ਦੀ ਰਾਤ ਅਸੀਂ ਦੁਬਾਰਾ ਉੱਥੋਂ ਹੀ ਸ਼ੁਰੂ ਕਰਾਂਗੇ। ਹੁਣ, ਮੇਰਾ ਮੰਨਣਾ ਹੈ, ਅੱਜ ਸਵੇਰੇ ਪੜ੍ਹਨ ਲਈ, ਅਸੀਂ 15ਵੀਂ ਆਇਤ ਤੋਂ ਸ਼ੁਰੂ ਕੀਤਾ ਸੀ।

16 ਕੋਈ, ਸ਼ਾਇਦ ਨਹੀਂ ਜਾਣਦਾ ਕਿ ਮੈਂ ਪੜ੍ਹਨ ਲਈ, ਐਨਕਾਂ ਲਗਾਉਂਦਾ ਹਾਂ। ਮੈਂ ਬੁੱਢਾ ਹੋ ਰਿਹਾ ਹਾਂ। ਅਤੇ ਮੈਂ ਅਜੇ ਵੀ ਪੜ੍ਹ ਸਕਦਾ ਹਾਂ, ਪਰ ਮੈਂ ਇਸਨੂੰ ਤੇਜ਼ੀ ਨਾਲ ਨਹੀਂ ਕਰ ਸਕਦਾ, ਖ਼ਾਸਕਰ ਜਦੋਂ ਬਰੀਕ ਪੜ੍ਹਨਾ ਹੁੰਦਾ ਹੈ, ਬਰੀਕ ਛਪਾਈ।

17 ਅਤੇ ਮੈਂ ਆਪਣੀਆਂ ਅੱਖਾਂ ਦੀ ਜਾਂਚ ਕਰਾਉਣ ਲਈ ਗਿਆ, ਇਹ ਵੇਖਣ ਲਈ ਕਿ ਕੀ ਮੈਂ ਸੱਚਮੁੱਚ ਆਪਣੀ ਨਜ਼ਰ ਗੁਆ ਰਿਹਾ ਹਾਂ। ਮੇਰੀਆਂ ਅੱਖਾਂ ਦਸ-ਬਟਾ-ਦਸ ਸਨ। ਉਸ ਨੇ ਕਿਹਾ, "ਪਰ ਤੂੰ ਚਾਲੀ ਸਾਲ ਦਾ ਹੋ ਗਿਆ ਹੈਂ, ਪੁੱਤਰ।" ਉਸ ਕੋਲ ਮੇਰੇ ਪੜ੍ਹਨ ਲਈ ਇੱਕ ਚੀਜ਼ ਸੀ, ਕਿਹਾ, "ਇਸ ਨੂੰ ਪੜ੍ਹਨਾ ਸ਼ੁਰੂ ਕਰੋ।" ਮੈਂ ਇਸਨੂੰ ਪੜ੍ਹਿਆ। ਅਤੇ ਮੈਂ ਨੇੜੇ ਹੁੰਦਾ ਰਿਹਾ, ਇਹ ਹੌਲੀ ਅਤੇ ਹੌਲੀ ਹੁੰਦਾ ਗਿਆ। ਅਤੇ ਇਹ *ਇਸ* ਤਰ੍ਹਾਂ ਹੋਇਆ, ਮੈਂ ਰੁਕ ਗਿਆ। ਫਿਰ

ਉਸ ਨੇ ਦਸ-ਬਟਾ-ਦਸ ਲਈ ਬਾਹਰ ਰੱਖ ਦਿੱਤਾ, ਮੈਂ ਇਸ ਨੂੰ ਕਿਤੋਂ ਵੀ ਪੜ੍ਹ ਸਕਦਾ ਸੀ। ਪਰ ਉਸਨੇ ਕਿਹਾ, "ਇਹ ਕੀ ਹੈ, ਜਦੋਂ ਤੁਸੀਂ ਚਾਲੀ ਪਾਰ ਕਰਦੇ ਹੋ, ਤੁਹਾਡੇ ਡੇਲੇ ਚਪਟੇ ਹੋ ਜਾਂਦੇ ਹਨ।"

18 ਹੁਣ, ਮੈਂ ਅੱਖਾਂ ਅੱਧੀਆਂ ਮੀਚ ਕੇ ਬੱਸ *ਇਨੀ* ਕੁ ਦੂਰੀ ਤੋਂ ਪੜ੍ਹ ਸਕਦਾ ਹਾਂ, ਪਰ ਅੱਖਾਂ ਅੱਧੀਆਂ ਮੀਚਣੀਆਂ ਪੈਂਦੀਆਂ ਹਨ। ਇਸ ਲਈ, ਉਸਨੇ ਮੈਨੂੰ ਐਨਕਾਂ ਦਾ ਇੱਕ ਜੋੜਾ ਬਣਾ ਦਿੱਤਾ। ਮੈਂ ਇਸ ਨਾਲ ਦੇਖ ਸਕਦਾ ਹਾਂ, ਕਿਤੇ ਵੀ, ਜਦੋਂ ਇਹ ਅਸਲ ਵਿੱਚ ਮੇਰੇ ਨੇੜੇ ਹੁੰਦਾ ਹੈ। ਹੁਣ, ਜਦੋਂ ਮੈਂ ਇਸ ਨੂੰ ਉਤਾਰ ਦਿੰਦਾ ਹਾਂ, ਤਾਂ ਇਹਨਾਂ ਚੀਜ਼ਾਂ ਨਾਲ ਬਿਲਕੁਲ ਵੀ ਨਹੀਂ ਦੇਖ ਸਕਦਾ। ਪਰ ਮੈਂ ਉਨ੍ਹਾਂ ਨੂੰ ਪੜ੍ਹਦਾ ਹਾਂ, ਇਸ ਤੋਂ ਐਨਕਾਂ ਨਾਲ ਪੜ੍ਹਦਾ ਹਾਂ।

19 ਹੁਣ, ਅੱਜ ਸਵੇਰੇ, ਸਾਡੇ ਕੋਲ ਇਬਰਾਨੀਆਂ ਦੇ ਤੀਜੇ ਅਧਿਆਇ ਦਾ ਆਖਰੀ ਹਿੱਸਾ ਸੀ। ਅਤੇ, ਔਹ, ਸਾਨੂੰ ਕਿੰਨੇ ਭਰਪੂਰ ਬੀਜ ਮਿਲੇ ਹਨ! ਹੁਣ ਸੁਣੋ, ਮੈਂ ਦੁਬਾਰਾ ਪੜ੍ਹਨਾ ਚਾਹੁੰਦਾ ਹਾਂ, ਤਾਂ ਜੋ ਸਾਨੂੰ ਹੁਣ ਇੱਕ ਪਿਛੋਕੜ ਮਿਲ ਸਕੇ। ਇਸ ਬਾਰੇ ਕੋਈ ਗੱਲ ਨਹੀਂ ਕਰਾਂਗੇ, ਪਰ ਥੋੜਾ ਜਿਹਾ ਇਸ ਉੱਤੋਂ ਜਾਵਾਂਗੇ।

> *ਜਿਵੇਂ ਆਖਿਆ ਜਾਂਦਾ ਹੈ, ਅੱਜ ਜੇ ਤੁਸੀਂ…ਉਹ ਦੀ ਅਵਾਜ ਸੁਣੋ, ਤਾਂ ਆਪਣੇ ਦਿਲਾਂ ਨੂੰ ਕਠੋਰ ਨਾ ਕਰੋ ਜਿਵੇਂ ਬਗਾਵਤ ਦੇ ਦਿਨ।*
>
> *ਕਿਉਂ ਜੋ ਕਈਆਂ ਨੇ, ਉਹਨਾਂ ਨੇ, ਉਹਨਾਂ ਨੇ ਵਚਨ ਸੁਣਿਆ, ਜਦੋਂ ਉਹਨਾਂ ਨੇ ਵਚਨ ਸੁਣਿਆ, ਉਹਨਾਂ ਬਗਾਵਤ ਕੀਤੀ: ਭਲਾ, ਉਨ੍ਹਾਂ ਸਭਨਾਂ ਨਹੀਂ ਜਿਹੜੇ ਮੂਸਾ ਦੇ ਰਾਹੀਂ ਮਿਸਰੋਂ ਨਿੱਕਲ ਆਏ ਸਨ?*

20 ਹੁਣ, ਉਸ ਵਿੱਚ, ਅੱਜ ਸਵੇਰੇ, ਅਸੀਂ ਵੇਖਦੇ ਹਾਂ ਕਿ ਉਸਨੇ ਕਿਹਾ, "ਆਪਣੇ ਦਿਲਾਂ ਨੂੰ ਕਠੋਰ ਨਾ ਕਰੋ, ਜਿਵੇਂ ਬਗਾਵਤ ਦੇ ਦਿਨ।" ਇਹ ਉਦੋਂ ਹੈ ਜਦੋਂ ਉਨ੍ਹਾਂ ਨੇ ਪਰਮੇਸ਼ੁਰ ਨੂੰ ਗੁੱਸੇ ਵਿੱਚ ਭੜਕਾਇਆ, ਕਿਉਂਕਿ ਉਸਨੇ ਉਨ੍ਹਾਂ ਨੂੰ ਆਪਣਾ ਨਬੀ, ਮੂਸਾ ਦਿੱਤਾ ਸੀ, ਅਤੇ ਇੱਕ ਨਿਸ਼ਾਨੀ ਜੋ ਮੂਸਾ ਦੇ ਨਾਲ ਸੀ। ਅੱਜ ਰਾਤ ਦੀ ਜਮਾਤ ਵਿੱਚੋਂ, ਕਿੰਨੇ ਲੋਕ, ਜਾਣਦੇ ਹਨ ਕਿ ਉਹ ਨਿਸ਼ਾਨੀ ਕੀ ਸੀ? ਅੱਗ ਦਾ ਥੰਮ੍ਹ, ਇਬਰਾਨੀਆਂ 13।

21 ਹੁਣ, ਅਸੀਂ ਨਹੀਂ ਜਾਣਦੇ ਕਿ ਕਲੀਸਿਯਾ ਨੇ ਉਹ ਨਿਸ਼ਾਨ ਦੇਖਿਆ ਜਾਂ ਨਹੀਂ। ਪਰ ਮੂਸਾ ਨੇ ਇਹ ਦੇਖਿਆ, ਕਿਉਂਕਿ ਮੂਸਾ ਪਹਿਲੀ ਵਾਰ ਉਸਨੂੰ ਬਲਦੀ ਝਾੜੀ ਵਿੱਚ ਮਿਲਿਆ ਸੀ। ਉਹ ਅੱਗ ਸੀ। ਅਤੇ ਇਸਰਾਏਲੀਆਂ ਨੇ ਮੂਸਾ ਦਾ ਕਹਿਣਾ ਮੰਨਿਆ, ਅਤੇ ਮਿਸਰ ਛੱਡ ਦਿੱਤਾ। ਅਤੇ ਜਿਵੇਂ ਹੀ ਉਹ ਮਿਸਰ ਤੋਂ ਬਾਹਰ ਆਏ, ਪਰਮੇਸ਼ੁਰ, ਅਸੀਂ ਵੇਖਦੇ ਹਾਂ, ਸਿੱਧਾ ਉਹਨਾਂ ਨੂੰ ਇੱਕ ਜਾਲ ਵਿੱਚ ਲੈ ਗਿਆ। ਜਿੱਥੇ, ਉਨ੍ਹਾਂ ਦੇ ਪਿੱਛੇ ਫ਼ਿਰਊਨ ਦੀ ਫ਼ੌਜ ਸੀ, ਇੱਕ

ਪਾਸੇ ਲਾਲ ਸਾਗਰ, ਅਤੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਪਰਖਿਆ; ਅਤੇ ਉਹ ਡਰ ਗਏ। ਅਤੇ ਇਸ ਨੇ ਪਰਮੇਸ਼ੁਰ ਨੂੰ ਭੜਕਾਇਆ। ਉਸ ਨੇ ਕਿਹਾ, "ਤੁਸੀਂ ਮੇਰੇ ਅੱਗੇ ਦੁਹਾਈ ਕਿਉਂ ਦਿੰਦੇ ਹੋ?" ਕਿਹਾ, "ਬਸ ਬੋਲੋ ਅਤੇ ਅੱਗੇ ਵਧੋ।" ਮੈਨੂੰ ਇਹ ਚੰਗਾ ਲੱਗਦਾ ਹੈ।

22 ਹੁਣ, ਉਹ ਮੂਸਾ ਦੇ ਪਿੱਛੇ-ਪਿੱਛੇ ਚੱਲ ਰਹੇ ਸਨ, ਜਿਵੇਂ ਮੂਸਾ ਥੰਮ੍ਹ ਅਤੇ ਬੱਦਲ ਦਾ ਪਿੱਛਾ ਕਰਦਾ ਸੀ, ਅਤੇ ਉਹ ਵਾਅਦਾ ਕੀਤੇ ਹੋਏ ਦੇਸ਼ ਵੱਲ ਜਾ ਰਹੇ ਸਨ। ਕਲੀਸਿਯਾ ਦੀ ਸੁੰਦਰ ਤਸਵੀਰ, ਅੱਜ ਰਾਤ, ਉਸੇ ਆਤਮਾ ਦੀ ਅਗਵਾਈ ਵਿੱਚ, ਵਾਅਦਾ ਕੀਤੇ ਹੋਏ ਦੇਸ਼ ਦੇ ਰਾਹ ਤੇ, ਉਹੀ ਚਿੰਨ੍ਹ ਅਤੇ ਅਚੰਭੇ ਜਿਵੇਂ ਪਰਮੇਸ਼ੁਰ ਨੇ ਕਿਹਾ ਸੀ।

23 ਹੁਣ ਧਿਆਨ ਦਿਓ। ਫਿਰ, ਉਹ ਪਾਪ ਦੇ ਉਜਾੜ ਵਿੱਚ ਆਉਂਦੇ ਹਨ। *ਮਾਰਾਹ* ਦਾ, ਪਾਣੀ "ਕੌੜਾ" ਸੀ। ਪਰਮੇਸ਼ੁਰ ਉਨ੍ਹਾਂ ਨੂੰ ਕੌੜੇ ਪਾਣੀਆਂ ਵੱਲ ਕਿਉਂ ਲੈ ਗਿਆ? ਜਾਪਦਾ ਸੀ ਕਿ ਉਹ ਉਨ੍ਹਾਂ ਨੂੰ ਚੰਗੇ ਪਾਣੀ ਵੱਲ ਲੈ ਜਾਵੇਗਾ। ਪਰ ਉਹ ਉਨ੍ਹਾਂ ਨੂੰ ਕੌੜੇ ਪਾਣੀਆਂ ਵੱਲ ਲੈ ਗਿਆ ਤਾਂ ਜੋ ਉਹ ਉਨ੍ਹਾਂ ਦੇ ਵਿਸ਼ਵਾਸ ਨੂੰ ਪਰਖ ਸਕੇ। ਉਹ ਅਜਿਹਾ ਕਰਨਾ ਪਸੰਦ ਕਰਦਾ ਹੈ। ਉਹ ਤੁਹਾਡੇ ਉੱਤੇ ਮੁਸੀਬਤਾਂ ਆਉਣ ਦੇਣਾ ਪਸੰਦ ਕਰਦਾ ਹੈ, ਤਾਂ ਜੋ ਉਹ ਤੁਹਾਨੂੰ ਆਪਣਾ ਪਿਆਰ ਅਤੇ ਆਪਣੀ ਸ਼ਕਤੀ ਦਿਖਾ ਸਕੇ। ਲੋਕ ਕਿਵੇਂ, ਅੱਜ, ਜੋ ਪਰਮੇਸ਼ੁਰ ਦੇ ਅਚਰਜ-ਕਾਰਜਾਂ ਨੂੰ ਨਹੀਂ ਮੰਨਦੇ, ਜਦੋਂ ਮੁਸੀਬਤਾਂ ਆਉਂਦੀਆਂ ਹਨ, ਉਹ ਬਸ ਹਾਰ ਮੰਨ ਕੇ ਅੱਗੇ ਵੱਧ ਜਾਂਦੇ ਹਨ? ਪਰ ਅਸੀਂ ਇਹ ਵਿਸ਼ਵਾਸ ਕਰਦੇ ਹਾਂ ਕਿ "ਪਰਮੇਸ਼ੁਰ ਅਚਰਜ ਕੰਮ ਕਰਦਾ ਹੈ।" ਉਹ ਨਹੀਂ ਕਰ ਸਕਦਾ… ਪਰਮੇਸ਼ੁਰ ਨੇ…

24 ਇਸ ਨੂੰ ਸੁਣੋ। ਜੇ ਪਰਮੇਸ਼ੁਰ ਉਹੀ ਕੰਮ ਨਹੀਂ ਕਰਦਾ, ਜਦੋਂ ਉਹੀ ਹਾਲਾਤ ਪੈਦਾ ਹੁੰਦੇ ਹਨ, ਤਾਂ ਪਰਮੇਸ਼ੁਰ ਆਪਣੇ ਲੋਕਾਂ ਨਾਲ ਪੱਖਪਾਤ ਕਰਨ ਦਾ ਦੋਸ਼ੀ ਹੈ। ਪਰਮੇਸ਼ੁਰ ਦੀ ਪ੍ਰਭੂਸੱਤਾ ਉਸ ਤੋਂ ਹਰ ਮਾਮਲੇ ਵਿੱਚ ਉਸੇ ਤਰ੍ਹਾਂ ਕੰਮ ਕਰਨ ਦੀ ਮੰਗ ਕਰਦੀ ਹੈ ਜਿਵੇਂ ਉਸਨੇ ਪਹਿਲੇ ਮਾਮਲੇ ਵਿੱਚ ਕੀਤਾ ਸੀ, ਜਾਂ ਜਦੋਂ ਉਸਨੇ ਪਹਿਲੇ ਮਾਮਲੇ ਵਿੱਚ ਕੰਮ ਕੀਤਾ ਤਾਂ ਉਹ ਗਲਤ ਸੀ। ਜੇ ਉਸੇ ਤਰ੍ਹਾਂ ਕੰਮ ਨਹੀਂ ਕਰਦਾ ਜਿਸ ਤਰ੍ਹਾਂ ਉਸਨੇ ਪਹਿਲੇ ਮਾਮਲੇ ਵਿੱਚ ਕੀਤਾ ਸੀ, ਜੇ ਉਹ ਦੂਜੇ ਮਾਮਲੇ ਵਿੱਚ ਉਸ ਤੋਂ ਵੱਖਰੇ ਤਰੀਕੇ ਨਾਲ ਕੰਮ ਕਰੇ, ਤਾਂ ਫਿਰ ਉਸਨੇ ਗਲਤ ਕੰਮ ਕੀਤਾ ਜਦੋਂ ਉਸਨੇ ਪਹਿਲੇ ਮਾਮਲੇ ਤੇ ਕੰਮ ਕੀਤਾ ਸੀ। ਜੇ ਪਰਮੇਸ਼ੁਰ ਨੇ ਪੁਰਾਣੇ ਨੇਮ ਵਿੱਚ ਬਿਮਾਰਾਂ ਨੂੰ ਚੰਗਾ ਕੀਤਾ, ਤਾਂ ਉਸਨੂੰ ਨਵੇਂ ਨੇਮ ਵਿੱਚ ਅਤੇ ਅੱਜ ਵੀ ਇਹ ਕਰਨਾ ਪਵੇਗਾ, ਜਾਂ ਉਸਨੇ ਗਲਤ ਕੀਤਾ ਸੀ ਜਦੋਂ ਉਸਨੇ ਉਨ੍ਹਾਂ ਨੂੰ ਉੱਥੇ ਚੰਗਾ ਕੀਤਾ ਸੀ। ਉਸਨੂੰ ਹਰ ਵਾਰ, ਉਹੀ

ਕੰਮ ਕਰਨਾ ਪਵੇਗਾ। ਅਤੇ ਉਹ ਇਹ ਕਰੇਗਾ, ਜਦੋਂ ਉਹੀ ਵਿਸ਼ਵਾਸ ਸ਼ਰਤ ਨੂੰ ਪੂਰਾ ਕਰਦਾ ਹੈ। ਦੋਸ਼ ਸਾਡੇ ਵਿੱਚ ਹੈ, ਪਰਮੇਸ਼ੁਰ ਵਿੱਚ ਨਹੀਂ। ਕਿਉਂਕਿ ਅਸੀਂ ਉਸਨੂੰ ਕੁਝ, ਅਤੇ ਬਹੁਤ ਸਾਰੇ, ਮਹਾਨ ਸ਼ਾਨਦਾਰ ਅਚਰਜ ਕੰਮ ਕਰਦੇ ਹੋਏ ਦੇਖਦੇ ਹਾਂ। ਸਾਨੂੰ ਇਸ ਦਾ ਪਤਾ ਹੈ। ਆਲੋਚਕ ਇਹ ਨਹੀਂ ਕਹਿ ਸਕਦਾ, "ਅਜਿਹਾ ਨਹੀਂ ਹੈ।" ਕਿਉਂਕਿ ਅਸੀਂ ਇਸ ਨੂੰ ਸਾਬਤ ਹੁੰਦੇ ਹੋਏ ਵੇਖਦੇ ਹਾਂ, ਅਤੇ ਇਹ ਉੱਥੇ ਹੈ।

25 ਉਹ ਕਹਿੰਦੇ ਸਨ, "ਮੈਨੂੰ ਇੱਕ ਚਮਤਕਾਰ ਦਿਖਾਓ।" ਉਹ ਹੋਰ ਨਹੀਂ ਕਹਿ ਸਕਦੇ। ਵਿਗਿਆਨ ਇਸ ਨੂੰ ਹੋਰ ਨਹੀਂ ਕਹਿ ਸਕਦਾ। ਅਸੀਂ ਵਿਗਿਆਨਕ ਸੰਸਾਰ ਨੂੰ ਬਿਲਕੁਲ ਸਾਬਤ ਕਰ ਕੇ ਦਿਖਾ ਸਕਦੇ ਹਾਂ। ਅਤੇ ਵਿਗਿਆਨਕ ਸੰਸਾਰ ਨੇ ਗਵਾਹੀ ਦਿੱਤੀ ਹੈ ਕਿ ਇੱਕ ਅਲੌਕਿਕ ਜੀਵ, ਇੱਕ ਅੱਗ ਦੇ ਥੰਮ੍ਹ ਦੇ ਰੂਪ ਵਿੱਚ, ਸਾਡੇ ਨਾਲ ਹੈ। ਇੱਥੇ ਉਸਦੀ ਤਸਵੀਰ ਹੈ, ਬਿਲਕੁੱਲ ਇੱਥੇ, ਅਤੇ ਇੱਕ ਅੱਜ ਰਾਤ ਵਾਸ਼ਿੰਗਟਨ, ਡੀ.ਸੀ., ਵਿੱਚ ਲਟਕ ਰਹੀ ਹੈ। ਇਹ ਉਹੀ ਮਸੀਹ ਹੈ।

26 ਇਸ ਲਈ, ਕੁਝ ਸਮੇਂ ਲਈ, ਮੇਰੇ ਸੇਵਾਦਾਰ ਭਾਈ ਮੈਨੂੰ ਕਹਿੰਦੇ ਸਨ, "ਔਹ, ਭਾਈ ਬ੍ਰੰਨਹਾਮ, ਇਹ ਸ਼ੈਤਾਨ ਹੈ। ਤੁਸੀਂ ਇਸ ਨਾਲ ਮੂਰਖ ਨਾ ਬਣੋ।" ਮੈਨੂੰ ਡਰਾ ਦਿੱਤਾ ਸੀ।

27 ਅਤੇ ਮੈਂ ਇਸਦਾ ਪ੍ਰਚਾਰ ਉਦੋਂ ਤੱਕ ਨਹੀਂ ਕਰਦਾ ਸੀ ਜਦੋਂ ਤੱਕ ਪਰਮੇਸ਼ੁਰ ਆ ਕੇ ਇਸ ਨੂੰ ਪ੍ਰਗਟ ਨਹੀਂ ਕਰਦਾ ਸੀ, ਕਿ, "ਉਹ ਉਹੀ ਯਿਸੂ ਹੈ, ਉਹੀ ਹੈ।" ਔਹ, ਫਿਰ ਇਸ ਨੂੰ ਮੇਰੇ ਵਿੱਚੋਂ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ? ਨਹੀਂ ਕੀਤਾ ਜਾ ਸਕਿਆ। ਕਿਉਂਕਿ, ਇਹ ਵਚਨ ਹੈ। ਇਹ ਪਰਮੇਸ਼ੁਰ ਦਾ ਵਚਨ ਹੈ। ਇਹ ਸਿਰਫ਼ ਇੱਕ ਤਜਰਬਾ ਨਹੀਂ ਹੈ ਜੋ ਢਿੱਲਾ ਹੈ। ਇਹ ਇੱਕ ਤਜਰਬਾ ਹੈ ਜਿਸਦਾ ਪਰਮੇਸ਼ੁਰ ਦੇ ਬਚਨ ਅਤੇ ਪਰਮੇਸ਼ੁਰ ਦੇ ਸਦੀਪਕ ਮੁਬਾਰਕ ਵਾਅਦੇ ਦੁਆਰਾ ਸਮਰਥਨ ਕੀਤਾ ਗਿਆ ਹੈ।

28 ਹੁਣ, ਅਸੀਂ ਇੱਥੇ ਧਿਆਨ ਦਿੰਦੇ ਹਾਂ, ਫਿਰ, ਉਸਨੇ ਕਿਹਾ।

> *ਕਿਉਂ ਜੋ ਕਈਆਂ ਨੇ, ਜਦੋਂ ਉਨ੍ਹਾਂ ਨੇ ਸੁਣ ਲਿਆ, ਉਹਨਾਂ ਨੇ ਭੜਕਾਇਆ:...*

ਯਕੀਨਨ। ਹਰ ਵਾਰ ਉਹ ਅਜਿਹੀ ਜਗ੍ਹਾ ਤੇ ਪਹੁੰਚ ਜਾਂਦੇ ਜਿੱਥੇ ਕੁਝ ਕਰ ਕੇ ਦਿਖਾਉਣ ਦਾ ਸਮਾਂ ਹੁੰਦਾ ਸੀ, ਉਹ ਥੱਕ ਜਾਂਦੇ ਸਨ। ਤਦ ਉਹ ਕੀ ਕਰਦੇ ਸਨ? ਉਹ ਢਿੱਲੇ ਹੋ ਜਾਂਦੇ ਸਨ, ਅਤੇ ਥੱਕ ਜਾਂਦੇ ਸਨ, ਅਤੇ ਵਾਪਸ ਮੁੜਨਾ ਚਾਹੁੰਦੇ ਸਨ, ਅਤੇ, "ਮੇਰੇ ਨਾਲ *ਅਜਿਹਾ* ਕਿਉਂ ਹੋਇਆ?"

29 ਅਜੀਬ ਗੱਲ ਹੈ, ਅੱਜ ਸਵੇਰੇ, ਇਸ ਨੂੰ ਪੂਰੇ ਜੋਰ ਨਾਲ ਪ੍ਰਚਾਰ ਕਰਨ ਤੋਂ ਬਾਅਦ, ਉੱਥੇ ਬਹੁਤ ਸਾਰੇ ਲੋਕ ਜਗਵੇਦੀ ਕੋਲ ਆਏ ਅਤੇ ਸਵਾਲ ਕਰਨ ਲੱਗੇ, "ਮੇਰੇ ਨਾਲ ਅਜਿਹਾ ਕਿਉਂ ਹੁੰਦਾ ਹੈ?" ਤੁਸੀਂ ਸਮਝੇ ਕਿ ਇਹ ਕਿਵੇਂ ਹੁੰਦਾ ਹੈ? ਇਹ ਲੋਕਾਂ ਦੇ ਸਿਰ ਦੇ ਉੱਪਰੋਂ ਲੰਘ ਜਾਂਦਾ ਹੈ। ਇਹ ਉਸੇ ਤਰ੍ਹਾਂ ਦੇ ਹਨ, ਲੋਕ।

30 ਯਿਸੂ ਨੇ ਕਿਹਾ, "ਤੁਹਾਡੀਆਂ ਅੱਖਾਂ ਹਨ, ਪਰ ਤੁਸੀਂ ਦੇਖ ਨਹੀਂ ਸਕਦੇ।" ਉਸ ਨੇ ਚੇਲਿਆਂ ਨੂੰ ਕਿਹਾ।

31 ਓਹਨਾਂ ਨੇ ਕਿਹਾ, "ਵੇਖ, ਹੁਣ ਤੂੰ ਸਪਸ਼ਟ ਬੋਲਦਾ ਹੈਂ। ਹੁਣ ਅਸੀਂ ਵਿਸ਼ਵਾਸ ਕਰਦੇ ਹਾਂ। ਕਿਸੇ ਵੀ ਵਿਅਕਤੀ ਨੂੰ ਤੁਹਾਨੂੰ ਕੁਝ ਦੱਸਣ ਦੀ ਲੋੜ ਨਹੀਂ ਹੈ, ਕਿਉਂਕਿ ਪਰਮੇਸ਼ੁਰ ਤੁਹਾਨੂੰ ਇਹ ਦਿਖਾਉਂਦਾ ਹੈ।"

32 ਉਸ ਨੇ ਕਿਹਾ, "ਕੀ ਤੁਸੀਂ ਹੁਣ ਵਿਸ਼ਵਾਸ ਕੀਤਾ ਹੈ, ਇੰਨੇ ਚਿਰ ਬਾਅਦ?" ਸਮਝੇ?

33 ਤੁਹਾਨੂੰ ਪਰਮੇਸ਼ੁਰ ਤੋਂ, ਕੋਈ ਵੀ ਸਵਾਲ ਨਹੀਂ ਕਰਨਾ ਚਾਹੀਦਾ। "ਕਿਉਂਕਿ ਧਰਮੀ ਦੀ ਚਾਲ ਯਹੋਵਾਹ ਵੱਲੋਂ ਦ੍ਰਿੜ੍ਹ ਹੁੰਦੀ ਹੈ।" ਅਤੇ ਹਰੇਕ ਪਰਖ ਤੁਹਾਡੇ ਉੱਤੇ ਇਸ ਲਈ ਲਿਆਂਦੀ ਜਾਂਦੀ ਹੈ, ਤਾਂ ਜੋ ਤੁਹਾਨੂੰ ਸਾਬਤ ਕੀਤਾ ਜਾ ਸਕੇ। ਅਤੇ ਬਾਈਬਲ ਨੇ ਕਿਹਾ, "ਉਹ ਤੁਹਾਡੇ ਲਈ ਸੋਨੇ ਨਾਲੋਂ ਜ਼ਿਆਦਾ ਕੀਮਤੀ ਹਨ।" ਇਸ ਲਈ ਜੇਕਰ ਪਰਮੇਸ਼ੁਰ ਤੁਹਾਡੇ ਉੱਤੇ ਕੁਝ ਹਲਕੀਆਂ ਮੁਸੀਬਤਾਂ ਆਉਣ ਦਿੰਦਾ ਹੈ, ਤਾਂ ਯਾਦ ਰੱਖੋ, ਇਹ ਤੁਹਾਡੇ ਸੁਧਾਰ ਲਈ ਹਨ। "ਹਰੇਕ ਪੁੱਤਰ ਜੋ ਪਰਮੇਸ਼ੁਰ ਕੋਲ ਆਉਂਦਾ ਹੈ, ਉਸਨੂੰ ਪਹਿਲਾਂ ਪਰਮੇਸ਼ੁਰ ਦੁਆਰਾ ਤਾੜਿਆ ਜਾਂਦਾ ਹੈ, ਪਰਖਿਆ ਜਾਂਦਾ ਹੈ, ਬੱਚਿਆਂ-ਵਾਂਗ ਸਿਖਾਇਆ ਜਾਂਦਾ ਹੈ।" ਕੋਈ ਲਿਹਾਜ ਨਹੀਂ ਹੈ। "ਹਰੇਕ ਪੁੱਤਰ ਜੋ ਆਉਂਦਾ ਹੈ।" ਅਤੇ ਇਹ ਮੁਸੀਬਤਾਂ, ਇਸ ਲਈ ਆਉਂਦੀਆਂ ਹਨ ਕਿ ਇਹ ਦੇਖਿਆ ਜਾਵੇ ਕਿ ਤੁਸੀਂ ਕੀ ਰਵੱਈਆ ਅਪਣਾਓਗੇ। ਸਮਝੇ? ਇਹ ਪਰਮੇਸ਼ੁਰ ਹੈ, ਇਸ ਸਾਬਤ-ਕਰਨ ਵਾਲੀ ਜ਼ਮੀਨ ਤੇ। ਇਹ ਸਾਰੀ ਧਰਤੀ, ਸਾਬਤ-ਕਰਨ ਵਾਲੀ ਜ਼ਮੀਨ ਹੈ, ਅਤੇ ਇੱਥੇ ਹੀ ਉਹ ਤੁਹਾਨੂੰ ਸਾਬਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

34 ਹੁਣ ਸੁਣੋ, ਜਿਵੇਂ ਅਸੀਂ ਅੱਗੇ ਵਧਦੇ ਹਾਂ। ਅਤੇ ਮੈਂ ਇਸਦੇ ਆਖਰੀ ਹਿੱਸੇ ਨੂੰ ਲੈਣਾ ਚਾਹੁੰਦਾ ਹਾਂ।

> *ਕਿਨ੍ਹਾਂ ਨੂੰ ਉਸ ਨੇ ਸੌਂਹ ਖਾ ਕੇ ਆਖਿਆ ਭਈ ਓਹ ਮੇਰੇ ਅਰਾਮ ਵਿੱਚ ਨਾ ਵੜਨਗੇ,…*

ਹੁਣ, ਇਹੀ ਉਹ ਥਾਂ ਹੈ, ਜਿੱਥੇ ਅਸੀਂ ਅੱਜ ਰਾਤ ਆ ਰਹੇ ਹਾਂ।

*...ਮੇਰੇ ਅਰਾਮ ਵਿੱਚ ਨਾ ਵੜਨਗੇ ਪਰ ਉਨ੍ਹਾਂ ਨੂੰ ਜਿਹਨਾਂ ਨਿਹਚਾ ਨਾ ਕੀਤੀ?*

*ਅਸੀਂ ਇਹ ਵੇਖਦੇ ਹਾਂ ਜੋ ਓਹ ਬੇਪਰਤੀਤੀ ਦੇ ਕਾਰਨ...ਉਸ ਵਿੱਚ ਵੜ ਨਾ ਸੱਕੇ।*

35 ਹੁਣ, ਪਾਪ ਕੀ ਹੈ? ਬੇਪਰਤੀਤੀ। ਪਰਮੇਸ਼ੁਰ ਉਨ੍ਹਾਂ ਕੋਲ ਆਇਆ, ਅੱਗ ਦੇ ਇੱਕ ਥੰਮ੍ਹ ਵਿੱਚ; ਆਪਣੇ ਨਬੀ ਨੂੰ ਭੇਜਿਆ, ਅਤੇ ਉਸਨੂੰ ਮਸਹ ਕੀਤਾ, ਉਸਨੂੰ ਲੋਕਾਂ ਦੇ ਸਾਮ੍ਹਣੇ ਦਿਖਾਉਣ ਲਈ ਨਿਸ਼ਾਨ ਦਿੱਤੇ। ਅਤੇ ਫਿਰ ਅੱਗ ਦਾ ਥੰਮ੍ਹ, ਨਬੀ ਦੁਆਰਾ, ਉਨ੍ਹਾਂ ਨੂੰ ਬਾਹਰ ਲੈ ਗਿਆ। ਉਹ ਜਿਸ ਵੀ ਹਾਲਤ ਵਿੱਚ ਆਉਂਦੇ ਸਨ, ਉਹ ਬੁੜਬੁੜਾਉਣਾ ਸ਼ੁਰੂ ਕਰ ਦਿੰਦੇ ਸਨ ਅਤੇ ਮੂਸਾ ਵਿੱਚ ਪਾਈ ਗਈ ਹਰ ਛੋਟੀ ਜਿਹੀ ਗਲਤੀ ਨੂੰ ਦੱਸਦੇ ਸਨ, ਉਸ ਦੇ ਖਿਲਾਫ ਚੀਕਣਾ ਅਤੇ ਬਕਵਾਸ ਕਰਨੀ ਸ਼ੁਰੂ ਕਰ ਦਿੰਦੇ ਸਨ। ਅਤੇ ਪਰਮੇਸ਼ੁਰ ਨਾਰਾਜ਼ ਸੀ, ਕਿਉਂਕਿ ਉਸਨੇ ਕਿਹਾ ਸੀ ਕਿ ਉਹ ਪਾਪ ਕਰ ਰਹੇ ਸਨ।

36 ਉਨ੍ਹਾਂ ਨੂੰ ਸੁਣਨਾ ਚਾਹੀਦਾ ਸੀ। ਪਰ, ਇਸ ਦੀ ਬਜਾਏ, ਉਨ੍ਹਾਂ ਨੇ ਤਰਕ ਸੁਣਿਆ, "ਇਹ ਕਿਵੇਂ ਹੋ ਸਕਦਾ ਹੈ? ਇਹ ਚੀਜ਼ਾਂ ਕਿਵੇਂ ਹੋ ਸਕਦੀਆਂ ਹਨ?" ਜੇਕਰ ਉਹ ਪਰਮੇਸ਼ੁਰ ਹੈ, ਤਾਂ ਸਭ ਕੁਝ ਸੰਭਵ ਹੈ। ਅਤੇ ਉਹ ਸਭ ਕੁਝ ਉਹਨਾਂ ਦੇ ਭਲੇ ਲਈ ਕਰੇਗਾ ਜੋ ਉਸਨੂੰ ਪਿਆਰ ਕਰਦੇ ਹਨ।

37 ਹੁਣ ਅਸੀਂ ਇੱਥੇ ਇੱਕ ਮਹਾਨ ਅਧਿਐਨ ਵਿੱਚ ਜਾ ਰਹੇ ਹਾਂ, ਯਾਨੀ, "ਅਰਾਮ" ਉੱਤੇ, ਜੋ *ਸਬਤ* ਹੈ। ਹੁਣ, ਉਹ ਆਪਣੀ ਯਾਤਰਾ ਵਿੱਚ ਸ਼ਰਧਾਲੂ ਸਨ। ਸਮਝੇ? ਉਹ ਮਿਸਰ ਵਿੱਚ, ਚਾਰ ਸੌ ਸਾਲ, ਗ਼ੁਲਾਮੀ ਵਿੱਚ ਰਹੇ ਸਨ। ਅਤੇ ਹੁਣ ਉਹ ਪਰਮੇਸ਼ੁਰ ਦੇ ਅਚਰਜ ਕੰਮਾਂ ਦੁਆਰਾ, ਉਸਦੇ ਵਾਅਦੇ ਅਨੁਸਾਰ ਬਾਹਰ ਲਿਆਂਦੇ ਜਾ ਰਹੇ ਸਨ। ਅਤੇ ਉਹ ਵਾਅਦਾ ਕੀਤੀ ਹੋਈ ਧਰਤੀ ਦੇ ਰਾਹ ਤੇ ਸਨ। ਅਤੇ ਇੱਕ ਅਲੌਕਿਕ ਰੋਸ਼ਨੀ ਉਹਨਾਂ ਦੇ ਵਿਚਕਾਰ ਪ੍ਰਗਟ ਹੁੰਦੀ ਹੈ, ਅਤੇ ਉਹਨਾਂ ਦੀ ਅਗਵਾਈ ਕਰਨੀ ਸ਼ੁਰੂ ਕਰ ਦਿੰਦੀ ਹੈ।

38 ਹੁਣ, ਕੋਈ ਆਖਦਾ, "ਹੁਣ ਦੇਖੋ, ਇਹ ਮੂਸਾ ਕੌਣ ਹੈ? ਤੈਨੂੰ ਸਾਡੇ ਉੱਤੇ ਹਾਕਮ ਕਿਸਨੇ ਬਣਾਇਆ ਹੈ? ਕੀ ਤੂੰ ਸਾਡੇ ਵਿੱਚੋਂ ਇੱਕ ਨਹੀਂ ਹੈਂ? ਸਾਡੇ ਉੱਤੇ ਹਾਕਮ ਬਣਨ ਲਈ ਤੈਨੂੰ ਇੱਥੇ ਕਿਸਨੇ ਰੱਖਿਆ ਹੈ? ਤੂੰ ਸੋਚਦਾ ਹੈਂ ਕਿ ਤੂੰ ਆਪਣੇ ਪਾਸਟਰ ਨਾਲੋਂ ਵੱਧ ਜਾਣਦਾ ਹੈਂ? ਤੈਨੂੰ ਲੱਗਦਾ ਹੈ ਕਿ ਤੂੰ ਜਾਜਕ ਨਾਲੋਂ ਵੱਧ ਜਾਣਦਾ ਹੈਂ? ਤੂੰ ਸੋਚਦਾ ਹੈਂ ਕਿ ਤੂੰ—ਤੂੰ ਇਸ ਦਿਨ ਦੇ ਸਾਡੇ ਧਾਰਮਿਕ ਆਦਮੀਆਂ ਨਾਲੋਂ, ਵੱਧ ਹੁਸ਼ਿਆਰ ਹੈਂ?" ਇਸ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਸੀ।

ਇਹ ਪਰਮੇਸ਼ੁਰ ਸੀ, ਅੱਗ ਦੇ ਥੰਮ੍ਹ ਵਿੱਚ, ਇਹ ਸਾਬਤ ਕਰਦਾ ਸੀ ਕਿ ਉਹ ਅੱਗੇ ਵਧ ਰਿਹਾ ਸੀ। ਇਸ ਨਾਲ ਕੋਈ ਲੈਣਾ ਦੇਣਾ ਨਹੀਂ ਸੀ ਕਿ ਕੌਣ ਹੁਸ਼ਿਆਰ ਸੀ ਅਤੇ ਕੌਣ ਹੁਸ਼ਿਆਰ ਨਹੀਂ ਸੀ। ਗੱਲ ਇਹ ਸੀ ਕਿ ਉਸ ਚੀਜ ਦੇ ਪਿੱਛੇ ਚਲਣਾ ਸੀ ਜੋ ਪਰਮੇਸ਼ੁਰ ਨੇ ਉਨ੍ਹਾਂ ਦੇ ਸਾਹਮਣੇ ਰੱਖੀ ਸੀ।

39 ਕਿਉਂ, ਮੂਸਾ, ਜਿੱਥੋਂ ਤੱਕ ਸਰੀਰਕ ਤੌਰ ਤੇ, ਇੱਕ ਮੂਰਖਤਾ ਵਾਲਾ ਕੰਮ ਕੀਤਾ ਜਦੋਂ ਉਸਨੇ ਪਰਮੇਸ਼ੁਰ ਦੇ ਬਚਨ ਦੁਆਰਾ ਬੱਚਿਆਂ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ, ਉਜਾੜ ਵਿੱਚ ਲੋਕਾਂ ਦੇ ਝੁੰਡ ਨੂੰ ਲੈ ਕੇ। ਜਦੋਂ ਉਸ ਕੋਲ ਆਪਣੀ ਸੀ...ਕਿਉਂ, ਉਹ ਉਨ੍ਹਾਂ ਦੀ ਹਰ ਚੀਜ਼ ਦਾ ਵਾਰਸ ਸੀ। ਉਸ ਕੋਲ ਉੱਥੋਂ ਦੀ ਸਾਰੀ, ਦੁਨੀਆ ਭਰ ਦੀ ਫੌਜ, ਉਸ ਦੇ ਹੇਠ ਸੀ। ਅਤੇ ਉੱਥੇ ਉਹ ਸੀ, ਇੱਕ ਮਹਾਨ ਫੌਜੀ ਜਰਨੈਲ। ਅਤੇ ਉਸਦੀ ਅਗਲੀ ਚਾਲ, ਮਿਸਰ ਦਾ ਰਾਜਾ, ਫ਼ਿਰਊਨ ਬਣਨਾ ਸੀ। ਕਿਉਂ, ਉਹ ਬਸ ਗੱਦੀ ਤੇ ਚੜ੍ਹ ਸਕਦਾ ਸੀ, ਅਤੇ ਕਹਿ ਸਕਦਾ ਸੀ, "ਠੀਕ ਹੈ, ਬੱਚਿਓ, ਆਪਣੇ ਘਰ ਵਾਪਸ ਜਾਓ।" ਜੋ ਇਸ ਨੂੰ ਨਿਪਟਾ ਦਿੰਦਾ; ਉਹ ਇੱਕ ਫ਼ਿਰਊਨ ਸੀ। ਪਰ ਮੂਸਾ...

40 ਔਹ, ਇਹ ਇੱਥੇ ਹੈ। ਮੂਸਾ ਨੇ, *ਵਿਸ਼ਵਾਸ* ਦੁਆਰਾ, ਪਰਮੇਸ਼ੁਰ ਦੇ ਵਾਅਦੇ ਨੂੰ ਦੇਖਿਆ। ਅਤੇ ਪ੍ਰਭੂ ਦਾ ਦੂਤ ਉਸਦੇ ਕੋਲ ਆਇਆ, ਅਤੇ ਉਸਨੇ ਪੰਜਾਂ ਮਿੰਟਾਂ ਅੰਦਰ, ਉਸ ਦੂਤ ਦੀ ਮੌਜੂਦਗੀ ਵਿੱਚ ਪੰਜ ਮਿੰਟਾਂ ਵਿੱਚ, ਪਰਮੇਸ਼ੁਰ ਬਾਰੇ ਜਿਆਦਾ ਜਾਣਿਆ, ਜਿੰਨਾ ਉਸਨੇ ਚਾਲੀ ਸਾਲਾਂ ਵਿੱਚ ਮਿਸਰ ਦੇ ਗੁਰੂਆਂ ਤੋਂ ਸਿੱਖਿਆ ਸੀ। ਉਹ ਜਾਣਦਾ ਸੀ ਕਿ ਉਹ ਸੀ। ਉਸ ਨੇ ਅਲੌਕਿਕ ਚੀਜ ਹੁੰਦੇ ਦੇਖੀ ਸੀ।

41 ਉਸ ਨੇ ਕਿਹਾ, "ਮੈਂ ਤੇਰੇ ਨਾਲ ਰਹਾਂਗਾ, ਮੂਸਾ। ਮੈਂ ਤੇਰੇ ਅੱਗੇ ਜਾਵਾਂਗਾ।" ਅਤੇ ਉਹ ਸਮਝ ਗਏ। ਅਤੇ ਉਸ ਨੇ ਉਸਨੂੰ ਦਿਖਾਉਣ ਲਈ ਨਿਸ਼ਾਨ ਦਿੱਤੇ।

42 ਹੁਣ, ਉਹ ਅਰਾਮ ਦੀ ਧਰਤੀ ਦੇ ਰਾਹ ਤੇ ਸਨ। ਪਰਮੇਸ਼ੁਰ ਨੇ ਉਨ੍ਹਾਂ ਨੂੰ ਅਰਾਮ ਦਿੱਤਾ ਸੀ, ਅਜਿਹੀ ਜਗ੍ਹਾ ਜਿੱਥੇ ਉਨ੍ਹਾਂ ਨੂੰ ਨਹੀਂ ਹੋਣਾ ਚਾਹੀਦਾ ਸੀ... ਉਹਨਾਂ ਉੱਤੇ ਸਖਤ ਕੰਮ ਲੈਣ ਵਾਲੇ ਸਨ, ਉਹਨਾਂ ਨੂੰ ਚਲਾਉਣ ਲਈ, ਉਹਨਾਂ ਤੋਂ ਕੰਮ ਕਰਾਉਣ ਲਈ।

43 ਅੱਜ ਇਹ ਕਿੰਨੀ ਸੁੰਦਰ ਤਸਵੀਰ ਹੈ, ਜਦੋਂ ਅਸੀਂ ਕਲੀਸਿਯਾ ਨੂੰ ਦੇਖਦੇ ਹਾਂ ਅਤੇ ਕਲੀਸਿਯਾ ਨੂੰ ਇਸ ਹਾਲਤ ਵਿੱਚ ਦੇਖਦੇ ਹਾਂ। ਹਰ ਮਨੁੱਖ ਜੋ ਪਰਮੇਸ਼ੁਰ ਦੀ ਆਤਮਾ ਤੋਂ ਪੈਦਾ ਹੋਇਆ ਹੈ, ਸੰਸਾਰ ਤੋਂ ਘਿਣ ਕਰਦਾ ਹੈ, "ਅਤੇ ਜੇਕਰ ਤੁਸੀਂ ਸੰਸਾਰ ਨੂੰ ਜਾਂ ਸੰਸਾਰ ਦੀਆਂ ਚੀਜ਼ਾਂ ਨੂੰ ਪ੍ਰੇਮ ਕਰਦੇ ਹੋ, ਤਾਂ ਪਰਮੇਸ਼ੁਰ ਦਾ ਪ੍ਰੇਮ ਤੁਹਾਡੇ ਵਿੱਚ ਹੈ ਹੀ ਨਹੀਂ।" ਇਹ ਉਹ ਹੈ ਜੋ ਬਾਈਬਲ ਨੇ ਕਿਹਾ ਹੈ। ਅਤੇ ਅਸਲ ਮੁਸਾਫਰ, ਆਪਣੇ ਰਸਤੇ ਤੇ, ਬਸ ਸੰਸਾਰ ਦੀਆਂ

ਚੀਜ਼ਾਂ ਤੋਂ ਘਿਣ ਕਰਦਾ ਹੈ। ਉਹ ਮਰਦਾਂ ਨੂੰ ਸ਼ਰਾਬ ਪੀਂਦੇ ਦੇਖ ਕੇ ਘਿਣ ਕਰਦਾ ਹੈ। ਉਹ ਮਰਦਾਂ ਨੂੰ ਸਿਗਰਟ ਪੀਂਦੇ ਦੇਖਣ ਤੋਂ ਘਿਣ ਕਰਦਾ ਹੈ। ਉਹ ਔਰਤਾਂ ਨੂੰ ਗਲੀਆਂ ਵਿੱਚ, ਉਨ੍ਹਾਂ ਦੇ ਨਾਲ ਛੋਟੇ ਗੰਦੇ ਕੱਪੜੇ ਪਾਏ ਹੋਏ ਦੇਖਣ ਤੋਂ ਘਿਣ ਕਰਦਾ ਹੈ। ਉਹ ਬੰਕੋਸ ਅਤੇ ਕਾਰਡ ਪਾਰਟੀਆਂ ਨੂੰ ਦੇਖਣ ਤੋਂ ਘਿਣ ਕਰਦਾ ਹੈ।

44 ਅਤੇ ਕੱਲ੍ਹ, ਜਦੋਂ ਭਾਈ ਟੋਨੀ...ਜਾਂ ਭਾਈ ਵੁੱਡ ਅਤੇ ਮੈਂ ਗਲੀ ਵਿੱਚੋਂ ਲੰਘ ਰਹੇ ਸੀ, ਅਤੇ ਕੁਝ ਹੋਰ, ਕੁਝ ਆਦਮੀ...ਲੁਇਸਵਿਲ ਵਿੱਚ ਇੱਕ ਛੋਟੀ ਜਿਹੀ ਔਰਤ ਸੀ, ਗਲੀ ਵਿੱਚ ਆ ਰਹੀ ਸੀ, ਸੋਹਣੀ ਦਿੱਖਣ ਵਾਲੀ ਛੋਟੀ ਔਰਤ, ਅਜਿਹੇ ਕੱਪੜੇ ਪਹਿਨੇ ਹੋਏ ਜੋ ਬਹੁਤ ਭਿਆਨਕ ਸਨ; ਕਮਰ ਤੇ ਥੋੜ੍ਹਾ ਜਿਹਾ ਉੱਪਰ, ਅਤੇ ਉਸਦੇ ਲੱਕ ਤੇ ਇੱਕ ਛੋਟਾ ਜਿਹਾ ਰਿਬਨ ਬੰਨ੍ਹਿਆ ਹੋਇਆ, ਹਰ ਪਾਸੇ, ਅਤੇ ਉਸਦੇ ਸਾਹਮਣੇ ਕੱਪੜੇ ਦਾ ਇੱਕ ਛੋਟਾ ਜਿਹਾ ਗੋਲ ਟੁਕੜਾ, ਅਤੇ ਪਿੱਛੇ ਇੱਕ ਡੋਰੀ ਨਾਲ ਬੰਨ੍ਹਿਆ ਹੋਇਆ ਸੀ। ਗਲੀ ਵਿੱਚ ਚੱਲ ਰਹੀ ਸੀ, ਭਿਆਨਕ ਰੂਪ ਵਿੱਚ, ਅਤੇ ਗਲੀ ਦਾ ਹਰ ਆਦਮੀ ਉਸ ਵੱਲ ਦੇਖ ਰਿਹਾ ਸੀ। ਮੈਂ ਕਿਹਾ, "ਉਸ ਨੂੰ ਇਹ ਅਹਿਸਾਸ ਨਹੀਂ ਹੈ ਕਿ ਉਹ ਪਰਮੇਸ਼ੁਰ ਦੀ ਨਜ਼ਰ ਵਿੱਚ ਦੋਸ਼ੀ ਹੈ, ਹਰ ਉਸ ਆਦਮੀ ਨਾਲ ਵਿਭਚਾਰ ਕਰਨ ਦੇ ਨਾਲ ਜੋ ਉਸ ਨੂੰ ਇਸ ਤਰੀਕੇ ਨਾਲ ਵੇਖ ਰਿਹਾ ਸੀ। ਅਤੇ ਉਹ ਉਨ੍ਹਾਂ ਆਦਮੀਆਂ ਨਾਲ ਵਿਭਚਾਰ ਕਰਨ ਲਈ ਨਿਆਂ ਦੇ ਦਿਨ ਜਵਾਬ ਦੇਵੇਗੀ।"

45 ਯਿਸੂ ਨੇ ਕਿਹਾ, "ਜੋ ਕੋਈ ਇਸਤ੍ਰੀ ਵੱਲ ਵਾਸਨਾ ਨਾਲ ਵੇਖਦਾ ਹੈ, ਉਸ ਨਾਲ ਪਹਿਲਾਂ ਹੀ ਵਿਭਚਾਰ ਕਰ ਚੁੱਕਾ ਹੈ।" ਇਹ ਠੀਕ ਹੈ।

46 ਇਸ ਲਈ, ਤੁਸੀਂ ਦੇਖੋ, ਭਾਈ ਵੁੱਡ ਨੇ ਮੈਨੂੰ ਕਿਹਾ, "ਤੁਸੀਂ ਇਸ ਲਈ ਕੀ ਕਹਿੰਦੇ ਹੋ, ਭਾਈ ਬ੍ਰਨਹਾਮ?"

47 ਮੈਂ ਕਿਹਾ, "ਇਹ ਜਾਂ ਤਾਂ ਮਾਨਸਿਕ ਘਾਟ ਹੈ ਜਾਂ ਸ਼ੈਤਾਨ ਦਾ ਕਬਜ਼ਾ ਹੈ।" ਇਸ ਨੂੰ ਕਰਾਉਣ ਲਈ ਸਿਰਫ ਦੋ ਚੀਜ਼ਾਂ ਹਨ। ਇੱਕ ਚੰਗੀ, ਸਾਫ਼-ਸੁਥਰੀ ਔਰਤ ਉਹ ਚੀਜ਼ਾਂ ਨਹੀਂ ਪਹਿਨੇਗੀ ਜਦੋਂ ਤੱਕ ਉਹ ਸ਼ੈਤਾਨ ਦੇ ਕਬਜੇ ਵਿੱਚ ਨਾ ਹੋਵੇ। ਇਹ ਬਿਲਕੁਲ ਸੱਚ ਹੈ।

48 ਹੁਣ, ਇੱਕ ਸ਼ਰਧਾਲੂ ਜੋ ਸਵਰਗ ਦੇ ਰਾਹ ਤੇ ਹੈ, ਉਹ ਇੱਕ ਵੱਖਰੇ ਮਾਹੌਲ ਵਿੱਚ ਰਹਿੰਦਾ ਹੈ। ਤੁਹਾਨੂੰ ਉਸ ਬਾਰੇ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ ਕਿ ਉਹ ਉਸ ਵੱਲ ਦੇਖ ਰਿਹਾ ਹੈ। ਜੇ ਉਸਦੇ ਦਿਲ ਵਿੱਚ ਪਰਮੇਸ਼ੁਰ ਹੈ ਤਾਂ ਉਹ ਆਪਣਾ ਸਿਰ ਉਸ ਵੱਲੋਂ ਮੋੜ ਲਵੇਗਾ, ਕਿਉਂਕਿ ਉਹ ਅਜਿਹੇ ਮਾਹੌਲ ਵਿੱਚ ਰਹਿ ਰਿਹਾ ਹੈ ਜੋ ਉਨ੍ਹਾਂ ਚੀਜ਼ਾਂ ਤੋਂ ਲੱਖਾਂ ਮੀਲ ਦੂਰ ਹੈ। ਇਹ ਠੀਕ ਹੈ। ਤੁਸੀਂ ਨਿਆਂ ਦੇ ਵੇਲੇ, ਉਸ ਚੀਜ਼ ਲਈ ਦੋਸ਼ੀ ਨਹੀਂ ਬਣਨਾ ਚਾਹੁੰਦੇ। ਇਸ ਲਈ

ਉਹ ਆਪਣਾ ਸਿਰ ਮੋੜ ਲੈਂਦਾ ਹੈ ਅਤੇ ਕਹਿੰਦਾ ਹੈ, "ਪਰਮੇਸ਼ੁਰ ਇਸ ਔਰਤ ਤੇ ਰਹਿਮ ਕਰ," ਅਤੇ ਉਹ ਚਲਾ ਜਾਂਦਾ ਹੈ। ਅਸੀਂ ਆਪਣੀ ਯਾਤਰਾ ਵਿੱਚ ਹਾਂ। ਅਸੀਂ ਕਨਾਨ ਦੀ ਧਰਤੀ ਵੱਲ ਜਾ ਰਹੇ ਹਾਂ। ਅਸੀਂ ਉਸ ਸਦੀਪਕ ਅਤੇ ਮੁਬਾਰਕ ਅਰਾਮ ਵੱਲ ਜਾ ਰਹੇ ਹਾਂ ਜੋ ਪਰਮੇਸ਼ੁਰ ਨੇ ਸਾਨੂੰ ਦਿੱਤਾ ਹੈ। ਅਤੇ ਸਫ਼ਰ ਵਿੱਚ, ਸਾਨੂੰ ਪਰਖਿਆ ਜਾਂਦਾ ਹੈ। ਅਸੀਂ ਹਰ ਪ੍ਰਕਾਰ ਦੀਆਂ ਚੀਜ਼ਾਂ ਤੋਂ ਪਰਤਾਏ ਜਾਂਦੇ ਹਾਂ, ਪਰਖੇ ਜਾਂਦੇ ਹਾਂ ਪਰ ਫਿਰ ਵੀ ਪਾਪ ਨਹੀਂ ਕਰਦੇ।

49 ਹੁਣ ਧਿਆਨ ਦਿਓ, ਜਿਵੇਂ ਅਸੀਂ ਚੌਥੇ ਅਧਿਆਇ ਤੇ ਜਾਂਦੇ ਹਾਂ, "ਇਸ ਲਈ ਆਓ ਡਰੀਏ।"

> *ਉਪਰੰਤ ਸਾਨੂੰ ਡਰਨਾ ਚਾਹੀਦਾ ਹੈ, ਭਈ ਨਾ ਹੋਵੇ, ਜੋ ਉਹ ਦੇ ਅਰਾਮ ਵਿੱਚ ਵੜਨ ਦਾ ਵਾਇਦਾ ਹੁੰਦਿਆ ਸੁੰਦਿਆਂ,...*

50 ਮੈਂ ਚਾਹੁੰਦਾ ਹਾਂ ਤੁਸੀਂ ਯਾਦ ਰੱਖੋ, ਕਿ, ਜਦੋਂ ਤੱਕ ਸਾਨੂੰ ਪਤਾ ਨਹੀਂ ਲੱਗਦਾ, ਜਦੋਂ ਤੱਕ ਪਰਮੇਸ਼ੁਰ ਸਾਨੂੰ ਇਹ ਪ੍ਰਗਟ ਨਹੀਂ ਕਰਦਾ! ਭਾਵੇਂ ਅਸੀਂ ਕਿੰਨੇ ਵੀ ਗਿਰਜੇ ਜਾਂਦੇ ਹਾਂ, ਇਸਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਪਰਮੇਸ਼ੁਰ ਨੂੰ ਪ੍ਰਕਾਸ਼ਣ ਦੁਆਰਾ ਆਉਣਾ ਚਾਹੀਦਾ ਹੈ ਅਤੇ ਆਪਣੇ ਆਪ ਨੂੰ ਸਾਡੇ ਉੱਤੇ ਪ੍ਰਗਟ ਕਰਨਾ ਚਾਹੀਦਾ ਹੈ, ਜੋ ਸੰਸਾਰ ਦੀਆਂ ਸਾਰੀਆਂ ਚੀਜ਼ਾਂ ਨੂੰ ਬਾਹਰ ਲੈ ਜਾਂਦਾ ਹੈ। "ਹੁਣ, ਜਦੋਂ ਕਿ ਇਹ ਕਿਹਾ ਜਾਂਦਾ ਹੈ, 'ਅੱਜ ਜੇਕਰ ਤੁਸੀਂ...'"

51 ਹੁਣ ਆਓ ਚੌਥਾ ਅਧਿਆਇ ਸ਼ੁਰੂ ਕਰੀਏ।

> *ਉਪਰੰਤ ਸਾਨੂੰ ਡਰਨਾ ਚਾਹੀਦਾ ਹੈ ਭਈ ਨਾ ਹੋਵੇ ਜੋ ਉਹ ਦੇ ਅਰਾਮ ਵਿੱਚ ਵੜਨ ਦਾ ਵਾਇਦਾ ਹੁੰਦਿਆ ਸੁੰਦਿਆਂ,...*

52 ਹੁਣ ਯਾਦ ਰੱਖੋ, ਜਦੋਂ ਉਹ ਅਰਾਮ ਦੇ ਰਾਹ ਤੇ ਸਨ, ਅੱਗ ਦੇ ਥੰਮ੍ਹ ਨੇ ਉਨ੍ਹਾਂ ਦੀ ਅਗਵਾਈ ਕੀਤੀ। ਹੁਣ ਅਸੀਂ ਇਹ ਪਤਾ ਲਗਾਉਣਾ ਚਾਹੁੰਦੇ ਹਾਂ, "ਇਹ ਅਰਾਮ ਕੀ ਹੈ?"

> *ਉਪਰੰਤ ਸਾਨੂੰ...ਡਰਨਾ ਚਾਹੀਦਾ ਹੈ, ਭਈ ਨਾ ਹੋਵੇ, ਜੋ ਉਹ ਦੇ ਅਰਾਮ ਵਿੱਚ ਵੜਨ ਦਾ ਵਾਇਦਾ ਹੁੰਦਿਆ ਸੁੰਦਿਆਂ,* (ਦੇਖੋ), *ਤੁਹਾਡੇ ਵਿੱਚੋਂ ਕੋਈ ਉਸ ਤੋਂ ਰਿਹਾ ਹੋਇਆ ਮਲੂਮ ਹੋਵੇ।*

53 ਹੁਣ, ਇੱਥੇ ਵਾਅਦਾ ਹੈ। ਇਹ ਉਹ ਹੈ ਜਿਸ ਤੋਂ ਸਾਨੂੰ ਡਰਨਾ ਚਾਹੀਦਾ ਹੈ: ਜੇਕਰ ਕੋਈ ਵਾਅਦਾ ਸਾਡੇ ਲਈ ਛੱਡਿਆ ਨਹੀਂ ਗਿਆ ਹੈ। ਪਰ ਇੱਕ ਵਾਅਦਾ ਹੈ! ਅਤੇ ਫਿਰ, ਅਗਲੀ ਚੀਜ਼, ਇਸ ਤੋਂ ਰਹਿ ਨਾ ਜਾਣਾ।

54 ਹੁਣ, ਸੋਚਣਾ ਹੈ, ਜੇਕਰ ਅਸੀਂ ਅਰਾਮ ਦੇ ਰਾਹ ਤੇ ਹਾਂ, ਤਾਂ ਅਰਾਮ ਕੀ ਹੈ? ਉਹ ਕਿਥੇ ਹੈ? ਕੀ ਇਹ ਕਲੀਸਿਯਾ ਵਿਚ ਸ਼ਾਮਲ ਹੋਣਾ ਹੈ? ਕੀ ਇਹ

ਇੱਕ ਖਾਸ ਤਰੀਕੇ ਨਾਲ ਬਪਤਿਸਮਾ ਲੈਣਾ ਹੈ? ਕੀ ਇਹ ਸ਼ਹਿਰ ਦੇ ਸਭ ਤੋਂ ਵੱਡੇ ਗਿਰਜੇ ਦਾ ਮੈਂਬਰ ਬਣਨਾ ਹੈ? ਬਿਹਤਰ ਕੱਪੜੇ ਪਹਿਨਣਾ ਹੈ? ਕੀ ਇਹ ਸਿੱਖਿਆ ਹੈ? ਕੀ ਇਹ ਪੈਸਾ ਹੈ, ਤਾਂ ਜੋ ਅਸੀਂ ਕੰਮ ਛੱਡ ਦਈਏ ਅਤੇ ਬਸ ਲੰਮੇ ਪੈ ਜਾਈਏ, ਆਪਣੀ ਬਾਕੀ ਦੀ ਜ਼ਿੰਦਗੀ, ਜਿਵੇਂ ਅਸੀਂ ਇਸਨੂੰ ਕਹਿੰਦੇ ਹਾਂ? ਇਹ ਓਹ ਨਹੀਂ ਹੈ।

55 ਸੁਣੋ ਕਿ ਬਾਈਬਲ ਕੀ ਕਹਿੰਦੀ ਹੈ, ਅਤੇ ਅਸੀਂ ਇਸਨੂੰ ਕਿਵੇਂ ਪ੍ਰਾਪਤ ਕਰਦੇ ਹਾਂ।

> *ਉਪਰੰਤ ਸਾਨੂੰ ਡਰਨਾ ਚਾਹੀਦਾ ਹੈ, ਭਈ ਨਾ ਹੋਵੇ, ਜੋ ਉਹ ਦੇ ਅਰਾਮ ਵਿੱਚ ਵੜਨ ਦਾ ਵਾਇਦਾ ਹੁੰਦਿਆ ਸੁੰਦਿਆਂ, ਤੁਹਾਡੇ ਵਿੱਚੋਂ ਕੋਈ ਉਸ ਤੋਂ ਰਿਹਾ ਹੋਇਆ ਮਲੂਮ ਹੋਵੇ।*
>
> *ਕਿਉਂ ਜੋ ਸਾਨੂੰ* (ਉਸ ਦਿਨ) *ਖੁਸ਼ ਖਬਰੀ ਸੁਣਾਈ ਗਈ ਸੀ ਜਿਵੇਂ ਉਨ੍ਹਾਂ ਨੂੰ ਵੀ:...*

ਇੰਜੀਲ ਕੀ ਹੈ? ਚੰਗੀ ਖ਼ਬਰ। ਮਿਸਰ ਵਿੱਚ ਉਨ੍ਹਾਂ ਕੋਲ ਖੁਸ਼ਖਬਰੀ ਆਈ, ਕਿ, "ਪਰਮੇਸ਼ੁਰ ਨੇ ਇੱਕ ਮੁਕਤੀਦਾਤਾ ਭੇਜਿਆ ਹੈ, ਅਤੇ ਉਹ ਸਾਨੂੰ ਬਾਹਰ ਕੱਢ ਕੇ, ਵਾਅਦਾ ਕੀਤੇ ਹੋਏ ਦੇਸ਼ ਵਿੱਚ ਲੈ ਜਾਵੇਗਾ।"

56 ਹੁਣ ਸਾਡੇ ਲਈ ਖੁਸ਼ਖਬਰੀ ਹੈ, ਕਿ, "ਪਰਮੇਸ਼ੁਰ ਨੇ ਇੱਕ ਮੁਕਤੀਦਾਤਾ, ਪਵਿੱਤਰ ਆਤਮਾ ਭੇਜਿਆ ਹੈ, ਅਤੇ ਅਸੀਂ ਵਾਅਦਾ ਕੀਤੇ ਹੋਏ ਦੇਸ਼ ਦੇ ਰਸਤੇ ਤੇ ਹਾਂ।" ਹੁਣ ਲੋਕਾਂ ਨੇ ਇਸ ਨੂੰ ਮੱਤਾਂ ਅਤੇ ਸੰਪਰਦਾਵਾਂ ਬਣਾ ਦਿੱਤਾ ਹੈ, ਪਰ ਪਰਮੇਸ਼ੁਰ ਅਜੇ ਵੀ ਕਾਇਮ ਹੈ, ਕਿ, ਸਾਡਾ *ਅਰਾਮ* "ਪਵਿੱਤਰ ਆਤਮਾ" ਹੈ।

57 ਧਿਆਨ ਦਿਓ।

> *...ਕਿਉਂ ਜੋ ਸਾਨੂੰ ਖੁਸ਼ ਖਬਰੀ ਸੁਣਾਈ ਗਈ ਸੀ...ਜਿਵੇਂ ਉਨ੍ਹਾਂ ਨੂੰ ਵੀ: ਪਰ ਸੁਣਿਆ ਹੋਇਆ ਬਚਨ ਉਨ੍ਹਾਂ ਲਈ ਲਾਭਵੰਤ ਨਾ ਹੋਇਆ, ...*

ਯਾਦ ਰੱਖਣਾ:

> *...ਸੁਣਿਆ ਹੋਇਆ ਬਚਨ ਉਨ੍ਹਾਂ ਲਈ ਲਾਭਵੰਤ ਨਾ ਹੋਇਆ ਇਸ ਕਰਕੇ ਜੋ ਏਹ ਸੁਣਨ ਵਾਲਿਆਂ ਦੇ ਵਿੱਚ ਨਿਹਚਾ ਦੇ ਨਾਲ ਨਾ ਰਚਿਆ।*

58 ਔਹ, ਮੇਰੇ ਭਰਾਵੋ, ਮੈਨੂੰ ਇੱਥੇ ਇੱਕ ਮਿੰਟ ਲਈ ਰੁਕਣ ਦਿਓ। ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਬਚਨ ਦਾ ਕਿੰਨਾ ਪ੍ਰਚਾਰ ਕੀਤਾ ਗਿਆ ਹੈ, ਤੁਹਾਨੂੰ ਇਸ ਦਾ ਪ੍ਰਚਾਰ ਕਰਨ ਦਾ ਤਰੀਕਾ ਕਿੰਨਾ ਚੰਗਾ ਲੱਗਦਾ ਹੈ, ਜਦੋਂ

ਤੱਕ ਤੁਸੀਂ ਖੁਦ ਇਸ ਦੇ ਭਾਗੀਦਾਰ ਨਹੀਂ ਹੋ, ਇਹ ਤੁਹਾਡਾ ਕੁਝ ਵੀ ਭਲਾ ਨਹੀਂ ਕਰੇਗਾ।

*…ਏਹ ਸੁਣਨ ਵਾਲਿਆਂ ਦੇ ਵਿੱਚ ਨਿਹਚਾ ਦੇ ਨਾਲ ਨਾ ਰਚਿਆ।*

59 ਉਨ੍ਹਾਂ ਨੇ ਮੂਸਾ ਦੇ ਚਮਤਕਾਰ ਦੇਖੇ। ਓਹਨਾਂ ਨੇ ਕਿਹਾ, "ਇਹ ਬਹੁਤ ਵਧੀਆ ਹੈ।" ਅਤੇ ਉਹ ਤੁਰ ਪਏ। ਉਨ੍ਹਾਂ—ਉਨ੍ਹਾਂ ਨੇ ਉਸਨੂੰ ਚਮਤਕਾਰ ਕਰਦੇ ਦੇਖਿਆ। ਅਤੇ ਉਹਨਾਂ ਨੇ ਅੱਗ ਦੇ ਥੰਮ੍ਹ ਨੂੰ ਦੇਖਿਆ, ਸ਼ਾਇਦ, ਜਾਂ ਉਹਨਾਂ ਨੂੰ ਇਸ ਬਾਰੇ ਗੱਲ ਕਰਦੇ ਸੁਣਿਆ। "ਔਹ, ਇਹ ਸਭ ਠੀਕ ਹੈ।"

60 ਪਰ ਇਹ ਨਿੱਜੀ ਵਿਸ਼ਵਾਸ ਨਾਲ ਨਹੀਂ ਰਚਿਆ। ਕਿਉਂਕਿ ਜਿਵੇਂ ਹੀ ਉਹ ਉਜਾੜ ਵਿੱਚ ਪਹੁੰਚੇ, ਉਹ (ਹਰੇਕ) ਬੁੜਬੁੜਾਉਣ ਲੱਗ ਪੈਂਦੇ ਹਨ। ਅਤੇ ਪਰਮੇਸ਼ੁਰ ਨੇ ਕਿਹਾ, "ਕਿਉਂਕਿ ਉਹ ਸ਼ੱਕ ਕਰਦੇ ਸਨ, ਇਹ ਪਾਪ ਸੀ।" ਕੁਝ ਵੀ ਸ਼ੱਕ ਨਾ ਕਰੋ। ਵਿਸ਼ਵਾਸ ਕਰੋ। ਸ਼ੱਕ ਨਾ ਕਰੋ, ਭਾਵੇਂ ਮਾਮਲਾ ਕਿੰਨਾ ਵੀ ਗੁੰਝਲਦਾਰ ਕਿਉਂ ਨਾ ਹੋਵੇ, ਵਿਸ਼ਵਾਸ ਕਰੋ।

61 ਹੁਣ ਉਹ ਬੁੜਬੁੜਾਉਣ ਲੱਗ ਪਏ, ਅਤੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਤਬਾਹ ਕਰ ਦਿੱਤਾ। ਅਤੇ ਫਿਰ ਉਸਨੇ ਆਪਣੇ ਕ੍ਰੋਧ ਵਿੱਚ ਸਹੁੰ ਖਾਧੀ ਕਿ, "ਉਹ ਕਦੇ ਵੀ ਉਸਦੇ ਅਰਾਮ ਵਿੱਚ ਪ੍ਰਵੇਸ਼ ਨਹੀਂ ਕਰਣਗੇ।" ਅਤੇ ਬਾਈਬਲ ਨੇ ਇੱਥੇ ਕਿਹਾ ਹੈ, ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਤੀਜੇ ਅਧਿਆਇ ਵਿੱਚ ਹੈ, ਕਿ, "ਉਨ੍ਹਾਂ ਦੀਆਂ ਦੀਆਂ ਲੋਥਾਂ ਉਜਾੜ ਵਿੱਚ ਪਈਆਂ ਰਹੀਆਂ।"

62 ਤੀਜਾ ਅਧਿਆਇ ਅਤੇ 17ਵੀਂ ਆਇਤ।

*ਅਤੇ ਉਹ ਕਿਨ੍ਹਾਂ ਨਾਲ ਚਾਲੀ ਵਰ੍ਹਿਆਂ ਲਈ ਗਰੰਜ ਰਿਹਾ ਸੀ? ਭਲਾ, ਉਨ੍ਹਾਂ ਨਾਲ ਨਹੀਂ ਜਿਨ੍ਹਾਂ ਪਾਪ ਕੀਤਾ ਅਤੇ ਜਿਨ੍ਹਾਂ ਦੀਆਂ ਲੋਥਾਂ ਉਜਾੜ ਵਿੱਚ ਪਈਆਂ ਰਹੀਆਂ?*

63 ਅਤੇ ਉਨ੍ਹਾਂ ਸਾਰਿਆਂ ਵਿੱਚੋਂ ਜਿਹੜੇ ਮਿਸਰ ਵਿੱਚੋਂ ਨਿਕਲੇ, ਸਿਰਫ਼ ਦੋ ਹੀ ਵਾਅਦੇ ਕੀਤੇ ਹੋਏ ਦੇਸ਼ ਵਿੱਚ ਗਏ। ਪੂਰੇ ਐਂਟੀਲੁਵਿਅਨ ਸੰਸਾਰ ਵਿੱਚੋਂ, ਬੀਤੇ ਦਿਨਾਂ ਵਿੱਚ, ਸਿਰਫ਼ ਅੱਠ ਰੂਹਾਂ ਬਚਾਈਆਂ ਗਈਆਂ ਸਨ, ਅਰਬਾਂ ਵਿੱਚੋਂ। "ਭੀੜਾ ਹੈ ਉਹ ਫਾਟਕ ਅਤੇ ਸੌੜਾ ਹੈ ਉਹ ਰਾਹ ਜਿਹੜਾ ਜੀਉਣ ਨੂੰ ਜਾਂਦਾ ਹੈ ਅਤੇ ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ।"

64 ਕੁਝ ਲੋਕ ਕਹਿੰਦੇ ਹਨ, "ਫਿਰ, ਭਾਈ ਬ੍ਰਨਹਾਮ, ਇਨ੍ਹਾਂ ਹਜ਼ਾਰਾਂ ਬਾਰੇ ਕੀ ਜੋ ਬਾਈਬਲ ਨੇ ਕਿਹਾ ਹੈ ਕਿ ਉੱਥੇ ਪ੍ਰਗਟ ਹੋਣਗੇ?"

ਜ਼ਰਾ ਯਾਦ ਕਰੋ ਕਿ ਹਰ ਪੀੜ੍ਹੀ ਵਿੱਚ ਕਿੰਨੇ ਲੋਕ ਮਰੇ ਹਨ, ਜੋ ਮਸੀਹੀ ਸਨ, ਪੂਰੇ ਯੁੱਗ ਦੇ ਦੌਰਾਨ। ਉਹ ਸਾਰੇ ਜੀ ਉੱਠਣਗੇ। ਇਹ ਦੇਹ ਨੂੰ ਬਣਾਉਂਦਾ

ਹੈ। ਤੁਸੀਂ ਉਮੀਦ ਕਰਦੇ ਹੋ ਕਿ ਇਸ ਅਮਰੀਕਾ ਵਿੱਚ ਇੱਕ ਸੌ ਅਰਬ ਹੈ, ਬਾਹਰ ਆਉਣਗੇ, ਜਾਂ ਕੁਝ ਹੋਰ, ਅੱਜ ਇਸ ਸੰਸਾਰ ਵਿੱਚ। ਸ਼ਾਇਦ ਪੰਜਾਹ ਵੀ ਨਾ ਨਿਕਲਣ। ਪਰ ਮਹਾਨ ਛੁਡਾਈ ਹੋਈ ਕਲੀਸਿਯਾ ਧੂੜ ਵਿੱਚ ਪਈ ਹੈ, ਉਡੀਕ ਰਹੀ ਹੈ। ਉਹ ਪਰਮੇਸ਼ੁਰ ਦੇ ਗਹਿਣੇ ਹਨ ਜੋ ਮਿੱਟੀ ਵਿੱਚ ਅਰਾਮ ਕਰ ਰਹੇ ਹਨ। ਪਰ ਉਨ੍ਹਾਂ ਦੀਆਂ ਰੂਹਾਂ ਪਰਮੇਸ਼ੁਰ ਦੀ ਜਗਵੇਦੀ ਦੇ ਹੇਠਾਂ ਹਨ। ਉਹ ਆਪਣੀ ਸਹੀ ਹਾਲਤ ਵਿੱਚ ਨਹੀਂ ਹਨ। ਉਹ ਇੱਕ ਸਰੀਰ ਵਿੱਚ ਹਨ, ਸੱਚਮੁੱਚ, ਪਰ ਇੱਕ ਥੀਓਫਨੀ। ਅਤੇ ਉਹ ਪਰਮੇਸ਼ੁਰ ਨੂੰ ਪੁਕਾਰਦੇ ਹਨ, "ਹੋਰ ਕਿੰਨਾ ਚਿਰ?" ਉਹ ਇੱਕ ਦੂਜੇ ਨੂੰ ਦੇਖ ਸਕਦੇ ਸਨ, ਪਰ ਉਹ ਇੱਕ ਦੂਜੇ ਨਾਲ ਹੱਥ ਨਹੀਂ ਮਿਲਾ ਸਕਦੇ ਸਨ, ਇਸ ਤਰ੍ਹਾਂ ਦੇ ਸਰੀਰ ਹਨ।

65 ਤੁਸੀਂ ਅੱਜ ਰਾਤ ਆਪਣੀ ਮਾਂ ਨੂੰ ਮਹਿਮਾ ਵਿੱਚ ਮਿਲੋ, ਜੇ ਤੁਸੀਂ ਚਲੇ ਜਾਂਦੇ ਹੋ, ਤੁਸੀਂ ਉਸ ਨਾਲ ਹੱਥ ਨਹੀਂ ਮਿਲਾ ਸਕਦੇ ਕਿਉਂਕਿ ਉਸ ਕੋਲ ਇਸ ਤਰ੍ਹਾਂ ਦਾ ਹੱਥ ਨਹੀਂ ਹੈ। ਤੁਸੀਂ ਇਹ ਮਹਿਸੂਸ ਨਹੀਂ ਕਰ ਸਕਦੇ ਹੋ ਜਿਵੇਂ ਤੁਸੀਂ ਹੁਣ ਮਹਿਸੂਸ ਕਰਦੇ ਹੋ। ਕਿਉਂਕਿ, ਪੰਜ ਗਿਆਨ ਇੰਦਰੀਆਂ ਇਸ ਸਰੀਰ ਵਿੱਚ ਪਾਈਆਂ ਹੋਈਆਂ ਹਨ, ਜੋ ਇਸ ਨੂੰ ਕਾਬੂ ਕਰ ਸਕਦੀਆਂ ਹਨ। ਉਸ ਦੀ ਮੌਜੂਦਗੀ ਇੱਕ ਵੱਖਰੇ ਮਾਹੌਲ ਵਿੱਚ ਮਹਿਸੂਸ ਹੋਵੇਗੀ।

66 ਇਹ ਪਤੀ ਪਤਨੀ ਵਾਂਗ ਹੈ। ਸਵਰਗ ਵਿੱਚ, ਕੋਈ ਵਿਆਹ ਨਹੀਂ ਹੋਵੇਗਾ, ਜਾਂ ਵਿਆਹ ਵਿੱਚ ਦਿੱਤਾ ਜਾਵੇਗਾ। ਕਿਉਂ? ਕਿਉਂਕਿ ਉੱਥੇ ਪਿਆਰ ਦੀ ਵੱਖਰੀ ਕਿਸਮ ਹੈ। ਉੱਥੇ ਕੋਈ ਜਿਨਸੀ ਇੱਛਾ ਨਹੀਂ ਹੈ। ਉਹ ਸਾਰੀਆਂ ਚੀਜ਼ਾਂ ਬੀਤ ਗਈਆਂ ਹਨ। ਤੁਹਾਨੂੰ ਸਾਫ ਕੀਤਾ ਗਿਆ ਹੈ ਅਤੇ ਤੁਸੀਂ ਪਵਿੱਤਰ ਹੋ।

ਪਰ ਤੁਸੀਂ ਉਸ ਅਵਸਥਾ ਵਿੱਚ ਕਦੇ ਨਹੀਂ ਰਹੇ, ਇਸ ਲਈ ਤੁਹਾਨੂੰ ਉਸ ਅਵਸਥਾ ਲਈ ਨਹੀਂ ਬਣਾਇਆ ਗਿਆ। ਤੁਸੀਂ ਉੱਥੇ ਹੀ ਉਡੀਕ ਕਰ ਰਹੇ ਹੋ। ਪਰ ਤੁਸੀਂ ਵਾਪਸ ਆਉਣ ਲਈ ਤਰਸ ਰਹੇ ਹੋ ਜਿੱਥੇ ਤੁਹਾਨੂੰ ਇੱਕ ਆਦਮੀ ਅਤੇ ਇੱਕ ਔਰਤ ਬਣਾਇਆ ਗਿਆ ਸੀ, ਅਤੇ ਉੱਥੇ ਪਰਮੇਸ਼ੁਰ ਉਸ ਸਰੀਰ ਨੂੰ ਧਰਤੀ ਦੀ ਧੂੜ ਵਿੱਚੋਂ ਉਭਾਰੇਗਾ ਅਤੇ ਉਸਦੀ ਮਹਿਮਾ ਕਰੇਗਾ। ਫਿਰ ਤੁਸੀਂ ਦੇਖੋਗੇ, ਚੱਖੋਗੇ, ਮਹਿਸੂਸ ਕਰੋਗੇ, ਸੁੰਘੋਗੇ ਅਤੇ ਸੁਣੋਗੇ, ਅਤੇ ਸੰਗਤ ਕਰੋਗੇ। ਅਸੀਂ ਕਦੇ ਨਹੀਂ ਜਾਣਾਂਗੇ...

ਅਸੀਂ ਕਦੇ ਵੀ ਇੱਕ ਦੂਤ ਦੀ ਜ਼ਿੰਦਗੀ ਦਾ ਆਨੰਦ ਨਹੀਂ ਮਾਣ ਸਕਦੇ। ਸਾਨੂੰ ਦੂਤ ਨਹੀਂ ਬਣਾਇਆ ਗਿਆ ਸੀ। ਪਰਮੇਸ਼ੁਰ ਨੇ ਦੂਤ ਬਣਾਏ ਹਨ। ਪਰ ਉਸਨੇ ਤੁਹਾਨੂੰ ਅਤੇ ਮੈਨੂੰ, ਆਦਮੀ ਅਤੇ ਔਰਤਾਂ ਬਣਾਇਆ। ਇਹ ਉਹ ਅਵਸਥਾ ਹੈ ਜਿਸ ਵਿੱਚ ਅਸੀਂ, ਸਦਾ ਲਈ, ਉਸਦੀ ਮੁਬਾਰਕ ਆਮਦ ਵਿੱਚ ਰਹਾਂਗੇ।

67 ਹੁਣ, ਵੇਖੋ ਉਹ ਕਿਵੇਂ ਰਹਿ ਗਏ, ਕਿਉਂਕਿ ਉਨ੍ਹਾਂ ਨੇ ਪਾਪ ਕੀਤਾ ਅਤੇ ਮਹਿਮਾ ਤੋਂ ਵਾਂਝੇ ਰਹੇ। ਪਰਮੇਸ਼ੁਰ ਨੇ ਉਨ੍ਹਾਂ ਨੂੰ ਅੱਗ ਦਾ ਥੰਮ੍ਹ ਦਿਖਾਇਆ। ਉਸਨੇ ਉਨ੍ਹਾਂ ਨੂੰ ਨਿਸ਼ਾਨ ਅਤੇ ਅਚੰਭੇ ਦਿਖਾਏ। ਉਸ ਨੇ ਉਨ੍ਹਾਂ ਦੀ ਬਾਹਰ ਅਗਵਾਈ ਕੀਤੀ। ਉਸਨੇ ਉਹਨਾਂ ਨੂੰ ਪਰਤਾਵੇ ਵਿੱਚ ਪਾਇਆ, ਉਹਨਾਂ ਨੂੰ ਪਰਤਾਉਣ ਅਤੇ ਉਹਨਾਂ ਨੂੰ ਸਾਬਤ ਕਰਨ ਲਈ।

68 ਹੁਣ, ਕੀ ਤੁਹਾਡੀਆਂ ਬਹੁਤ ਸਾਰੀਆਂ ਪਰਖਾਂ ਨਹੀਂ ਹੋਈਆਂ? ਉਨ੍ਹਾਂ ਬਾਰੇ ਸ਼ਿਕਾਇਤ ਨਾ ਕਰੋ। ਅਨੰਦ ਕਰੋ। ਪਰਮੇਸ਼ੁਰ ਤੁਹਾਡੇ ਨਾਲ ਹੈ। ਉਹ ਤੁਹਾਡੇ ਵਿਸ਼ਵਾਸ ਨੂੰ ਸਾਬਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਪੁਰਾਣੇ ਨੇਮ ਵਿੱਚ ਅੱਯੂਬ ਨੂੰ ਦੇਖੋ, ਜਦੋਂ ਉਸਨੇ ਕਿਹਾ, "ਕੀ ਤੁਸੀਂ ਮੇਰੇ ਸੇਵਕ ਅੱਯੂਬ ਨੂੰ ਵੇਖਿਆ ਹੈ, ਉਹ ਇੱਕ ਧਰਮੀ, ਸਿੱਧ ਮਨੁੱਖ ਹੈ? ਧਰਤੀ ਉੱਤੇ ਉਸ ਵਰਗਾ ਕੋਈ ਨਹੀਂ ਹੈ।"

69 "ਔਹ," ਉਸ ਨੇ ਕਿਹਾ, "ਯਕੀਨਨ, ਤੁਸੀਂ ਉਸਨੂੰ ਸੰਭਾਲ ਰੱਖਿਆ ਹੈ: ਉਸਨੂੰ ਕੋਈ ਪਰੇਸ਼ਾਨੀ ਨਹੀਂ ਹੈ, ਕੋਈ ਚਿੰਤਾ ਨਹੀਂ ਹੈ। ਉਸ ਕੋਲ ਕੋਈ ਵਿੱਤੀ ਬੋਝ ਨਹੀਂ ਹੈ, ਸਭ ਕੁਝ ਠੀਕ ਹੈ। ਉਸ ਨੂੰ ਕੋਈ ਬਿਮਾਰੀ, ਕੋਈ ਤਕਲੀਫ਼ ਨਹੀਂ ਹੈ। ਉਸਨੂੰ ਮੇਰੇ ਹਵਾਲੇ ਕਰ ਦਿਓ। ਮੈਂ ਉਸ ਤੋਂ ਤੁਹਾਡੇ ਚਿਹਰੇ ਉੱਤੇ, ਤੁਹਾਨੂੰ ਫਿਟਕਾਰ ਪਵਾਵਾਂਗਾ।"

70 ਉਸ ਨੇ ਕਿਹਾ, "ਉਹ ਤੇਰੇ ਹੱਥ ਵਿੱਚ ਹੈ, ਪਰ ਤੂੰ ਉਸਦੀ ਜਾਨ ਨਾ ਲਵੀਂ।"

71 ਔਹ! ਉਸਨੇ ਸਭ ਕੁਝ ਕੀਤਾ ਪਰ ਉਸਦੀ ਜਾਨ ਨਾ ਲਈ, ਪਰ ਉਹ ਅੱਯੂਬ ਨੂੰ ਹਿਲਾ ਨਹੀਂ ਸਕਿਆ। ਅੱਯੂਬ ਜਾਣਦਾ ਸੀ ਕਿ ਉਹ ਬਚਨ ਤੇ ਖੜਾ ਸੀ। ਇਹ ਠੀਕ ਹੈ। ਅਤੇ ਨਰਕ ਵਿੱਚੋਂ ਸਾਰੇ ਸ਼ੈਤਾਨ ਉਸਨੂੰ ਹਿਲਾ ਨਹੀਂ ਸਕੇ, ਕਿਉਂਕਿ ਉਹ ਜਾਣਦਾ ਸੀ ਕਿ ਉਸਨੇ ਉਹ ਬਲੀਦਾਨ ਭੇਂਟ ਕੀਤਾ ਸੀ। ਉਹ ਧਰਮੀ ਸੀ। ਅਤੇ ਉਨ੍ਹਾਂ ਨੇ ਉਸ ਉੱਤੇ ਦੋਸ਼ ਲਗਾਇਆ, ਕਿਹਾ, "ਤੂੰ ਪਾਪ ਕੀਤਾ ਹੈ, ਅੱਯੂਬ, ਅਤੇ ਪਰਮੇਸ਼ੁਰ ਤੈਨੂੰ ਸਜ਼ਾ ਦੇ ਰਿਹਾ ਹੈ।" ਉਹ ਜਾਣਦਾ ਸੀ ਕਿ ਉਸ ਨੇ ਪਰਮੇਸ਼ੁਰ…ਕਿ ਉਸਨੇ ਪਰਮੇਸ਼ੁਰ ਅੱਗੇ ਪਾਪ ਨਹੀਂ ਕੀਤਾ ਸੀ। ਉਹ ਜਾਣਦਾ ਸੀ ਕਿ ਉਹ ਧਰਮੀ ਸੀ। ਇਸ ਲਈ ਨਹੀਂ ਕਿ ਉਹ ਇੱਕ ਚੰਗਾ ਆਦਮੀ ਸੀ, ਸਗੋਂ ਇਸ ਲਈ ਕਿ ਉਹ ਉਸ ਦੀ ਥਾਂ ਹੋਮ ਦੀ ਬਲੀ ਨੂੰ ਸਵੀਕਾਰ ਕਰ ਰਿਹਾ ਸੀ।

72 ਅਤੇ, ਅੱਜ ਰਾਤ, ਅਸੀਂ ਜਾਣਦੇ ਹਾਂ ਕਿ ਉਸਦੀ ਜ਼ਿੰਦਗੀ ਨੇ ਸਾਬਤ ਕੀਤਾ ਕਿ ਉਹ ਧਰਮੀ ਸੀ। ਅਤੇ ਜਦੋਂ ਤੁਸੀਂ…ਤੁਸੀਂ ਆਪਣੇ ਗੁਆਂਢੀ ਦੀ ਮਦਦ ਇਸ ਲਈ ਨਹੀਂ ਕਰਦੇ, ਕਿਉਂਕਿ ਤੁਸੀਂ ਮਹਿਮਾ ਵਿੱਚ ਜਾਣ ਦੀ ਕੋਸ਼ਿਸ਼ ਕਰ

ਰਹੇ ਹੋ; ਇਹ ਚੰਗੀ ਗੱਲ ਹੈ। ਇਸ ਲਈ ਨਹੀਂ ਕਿ ਤੁਸੀਂ ਗਿਰਜੇ ਵਿਚ ਸ਼ਾਮਲ ਹੋ; ਇਹ ਚੰਗੀ ਗੱਲ ਹੈ। ਪਰ ਤੁਸੀਂ ਮਹਿਮਾ ਵਿੱਚ ਜਾ ਰਹੇ ਹੋ ਕਿਉਂਕਿ ਤੁਸੀਂ ਯਿਸੂ ਮਸੀਹ ਦੀ ਧਾਰਮਿਕਤਾ ਨੂੰ ਸਵੀਕਾਰ ਕਰਦੇ ਹੋ, ਕੁਝ ਵੀ ਨਹੀਂ ਜੋ ਤੁਸੀਂ ਆਪਣੇ ਆਪ ਕੀਤਾ ਹੈ।

73 ਹੁਣ, ਜਿਵੇਂ ਅਸੀਂ ਪੜ੍ਹਦੇ ਹਾਂ।

> *ਕਿਉਂ ਜੋ ਸਾਨੂੰ ਖੁਸ਼ ਖਬਰੀ ਸੁਣਾਈ ਗਈ ਸੀ,...*(ਦੂਜੀ ਆਇਤ)...ਜਿਵੇਂ *ਉਨ੍ਹਾਂ ਨੂੰ ਵੀ: ਪਰ ਸੁਣਿਆ ਹੋਇਆ ਬਚਨ ਉਨ੍ਹਾਂ ਲਈ ਲਾਭਵੰਤ ਨਾ ਹੋਇਆ, ਇਸ ਕਰਕੇ ਜੋ ਏਹ ਸੁਣਨ ਵਾਲਿਆਂ ਦੇ ਵਿੱਚ ਨਿਹਚਾ ਦੇ ਨਾਲ ਨਾ ਰਚਿਆ।*

ਜਿਨ੍ਹਾਂ ਨੇ ਬਚਨ ਸੁਣਿਆ ਉਨ੍ਹਾਂ ਵਿੱਚ ਨਿਹਚਾ ਨਹੀਂ ਸੀ ।

74 ਜ਼ਰਾ ਸੋਚੋ, ਅੱਜ, ਛੋਟੀ, ਨਿਮਰ ਸੇਵਾ ਜੋ ਪ੍ਰਭੂ ਨੇ ਮੈਨੂੰ ਦਿੱਤੀ ਹੈ, ਅੱਜ ਰਾਤ ਚਾਰ ਕਰੋੜ ਅਮਰੀਕੀਆਂ ਨੂੰ ਬਚਾਇਆ ਜਾਣਾ ਚਾਹੀਦਾ ਹੈ। ਤੁਸੀਂ ਜਾਣਦੇ ਹੋ ਕਿ ਉਹ ਕੀ ਕਹਿੰਦੇ ਹਨ? "ਕਿਉਂ, ਇਹ ਮਾਨਸਿਕ ਟੈਲੀਪੈਥੀ ਹੈ। ਉਹ ਦਿਮਾਗ ਨੂੰ ਪੜ੍ਹ ਲੈਂਦਾ ਹੈ। ਅਜਿਹੀ ਕੋਈ ਚੀਜ਼ ਨਹੀਂ! ਕਿਉਂ, ਉਹ ਸਾਡੇ ਗਿਰਜੇ ਨਾਲ ਸਬੰਧਤ ਨਹੀਂ ਹੈ।" ਦੇਖੋ? ਅਜਿਹਾ ਨਹੀਂ ਹੈ...ਇਸ ਗੱਲ ਦਾ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਇਸ ਬਚਨ ਤੇ ਕਿੰਨਾ ਵੀ ਜੋਰ ਪਾਉਂਦੇ ਹੋ ਅਤੇ ਸਾਬਤ ਕਰਦੇ ਹੋ ਕਿ ਇਹ ਪਰਮੇਸ਼ੁਰ ਦਾ ਬਚਨ ਹੈ, ਇਹ ਪਰਮੇਸ਼ੁਰ ਦਾ ਵਾਅਦਾ ਹੈ, ਵਿਗਿਆਨ ਕਿੰਨਾ ਵੀ ਸਾਬਤ ਕਰੇ ਕਿ ਇਹ ਸੱਚ ਹੈ, ਉਹ ਅਜੇ ਵੀ ਵਿਸ਼ਵਾਸ ਨਹੀਂ ਕਰ ਸਕਦੇ। ਬਾਈਬਲ ਨੇ ਕਿਹਾ ਕਿ ਉਹ ਨਹੀਂ ਕਰ ਸਕਦੇ।

75 ਕਿਹਾ, "ਫਿਰ ਇਸ ਦਾ ਪ੍ਰਚਾਰ ਕਰਨ ਦਾ ਕੀ ਫਾਇਦਾ?" ਉਸ ਦਿਨ ਪਰਮੇਸ਼ੁਰ ਕੋਲ ਗਵਾਹ ਹੋਣਾ ਚਾਹੀਦਾ ਹੈ, ਉਹਨਾਂ ਨੂੰ ਉਸ ਦਿਨ, ਦੋਸ਼ੀ ਠਹਿਰਾਉਣ ਲਈ। ਬਚਨ ਦਾ ਪ੍ਰਚਾਰ ਕੀਤਾ ਗਿਆ ਅਤੇ ਉਹਨਾਂ ਵਿੱਚ ਸਾਬਤ ਹੋਇਆ, ਅਤੇ ਉਹ ਅਜੇ ਵੀ ਅਣਜਾਣੇ ਵਿੱਚ ਚਲੇ ਗਏ। ਨਿਆਂ ਤੋਂ ਇਲਾਵਾ ਕੁਝ ਨਹੀਂ ਬਚਿਆ। ਪਰਮੇਸ਼ੁਰ ਕਿਸੇ ਕੌਮ ਦਾ ਇਨਸਾਫ਼ ਨਾ ਕਰ ਸਕਿਆ—ਨਿਆਂ ਨਾ ਕਰ ਸਕਿਆ ਜਦ ਤੱਕ ਉਸ ਨੇ ਨਿਆਂ ਤੋਂ ਪਹਿਲਾਂ ਦਯਾ ਨਹੀਂ ਕੀਤੀ। ਉਹ ਪਰਮੇਸ਼ੁਰ ਹੈ। ਉਹ ਅਜਿਹਾ ਨਹੀਂ ਕਰ ਸਕਿਆ।

76 ਹੁਣ ਅਸੀਂ ਕੀ ਕਹੀਏ?

> *ਕਿਉਂ ਜੋ ਅਸੀਂ...ਜਿਨ੍ਹਾਂ ਨਿਹਚਾ ਕੀਤੀ ਹੈ ਓਸ ਅਰਾਮ ਵਿੱਚ* ਵੜਦੇ ਹਾਂ, *ਜਿੱਕੁਰ ਉਹ ਨੇ ਆਖਿਆ, ਜਿਵੇਂ ਮੈਂ ਆਪਣੇ ਗੁੱਸੇ ਵਿੱਚ*

*ਸੌਂਹ ਖਾਧੀ, ਕਿ ਓਹ ਮੇਰੇ ਅਰਾਮ ਵਿੱਚ ਕਦੇ ਨਾ ਵੜਨਗੇ: ਭਾਵੇਂ ਉਹ ਦੀਆਂ ਕਾਰਾਗਰੀਆਂ ਜਗਤ ਦੇ ਮੁੱਢੋਂ ਹੀ ਬਣ ਚੁੱਕੀਆਂ ਸਨ।*

*ਉਹ ਨੇ ਤਾਂ ਸੱਤਵੇਂ ਦਿਨ ਦੇ ਵਿਖੇ ਤੇ—ਤੇ ਕਿਤੇ ਇਉਂ ਆਖਿਆ ਹੈ,...*

77 ਹੁਣ ਮੈਂ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਉਣਾ ਚਾਹੁੰਦਾ, ਉਨ੍ਹਾਂ ਦੇ ਧਰਮ ਵਿਰੁੱਧ। ਇਹ ਮੇਰਾ ਮਕਸਦ ਨਹੀਂ ਹੈ। ਸੇਵਾ ਖੇਤਰ ਵਿੱਚ, ਮੈਂ ਸਿਰਫ਼ ਨਿਯਮਿਤ, ਮਹਾਨ ਸ਼ੁਭਸਮਾਚਾਰ, ਬੁਨਿਆਦੀ ਸਿਧਾਂਤਾਂ ਦਾ ਪ੍ਰਚਾਰ ਕਰਦਾ ਹਾਂ। ਪਰ ਡੇਰੇ ਵਿੱਚ, ਇੱਥੇ ਮੇਰੇ ਬੱਚਿਆਂ ਵਿੱਚ, ਮੈਂ ਮਹਿਸੂਸ ਕਰਦਾ ਹਾਂ ਕਿ ਮੈਨੂੰ ਉਹ ਪ੍ਰਚਾਰ ਕਰਨ ਦਾ ਅਧਿਕਾਰ ਹੈ ਜੋ ਮੈਂ ਸੋਚਦਾ ਹਾਂ ਕਿ ਸਿਧਾਂਤ ਅਤੇ ਸੱਚਾਈ ਹੈ। ਸਮਝੇ? ਮੈਨੂੰ ਲੱਗਦਾ ਹੈ ਕਿ ਇਹ ਸਹੀ ਹੈ।

78 ਹੁਣ, ਮੇਰੇ ਹਜ਼ਾਰਾਂ ਚੰਗੇ ਸਬੱਤੀ ਮਿੱਤਰ ਹਨ, ਉਹ ਲੋਕ ਜੋ ਸੈਵਨਥ-ਡੇ ਐਡਵੈਂਟਿਸਟ ਹਨ। ਮੇਰੇ ਪਿਆਰੇ ਮਿੱਤਰਾਂ ਵਿੱਚੋਂ ਕੁਝ, ਉਨ੍ਹਾਂ ਵਿੱਚੋਂ ਕੁਝ ਸੈਵਨਥ-ਡੇ ਐਡਵੈਂਟਿਸਟ ਹਨ।

ਹਾਲਾਂਕਿ, ਮਹਾਨ ਲਹਿਰ, ਜਿਸਨੂੰ ਕਿਹਾ ਜਾਂਦਾ ਹੈ, *ਭਵਿੱਖਬਾਣੀ ਦੀ ਆਵਾਜ਼,* ਉਹ ਮਜ਼ਬੂਤੀ ਨਾਲ ਮੇਰੇ ਵਿਰੁੱਧ ਹਨ। ਉਨ੍ਹਾਂ ਨੇ ਕਿਹਾ ਕਿ ਮੈਂ ਮੰਚ ਤੇ ਬਿਆਨ ਦਿੰਦਾ ਹਾਂ, ਅਤੇ ਕਿਹਾ ਸੀ ਕਿ, "ਮੈਂ ਪਰਮੇਸ਼ੁਰ ਸੀ। ਅਤੇ ਉਹ—ਅਤੇ ਇਹ ਕਿ ਇਹ ਰੋਸ਼ਨੀ ਜੋ ਮਗਰ ਆਉਂਦੀ ਸੀ ਇੱਕ ਦੂਤ ਸੀ, ਅਤੇ ਮੈਂ ਪਰਮੇਸ਼ੁਰ ਸੀ। ਅਤੇ ਮੈਂ ਸੰਸਾਰ ਵਿੱਚ ਮਹਾਨ ਕੰਮ ਕਰਨ ਲਈ ਆਇਆ ਹਾਂ, ਲੋਕਾਂ ਨੂੰ ਇਹ ਸਾਬਤ ਕਰਨ ਲਈ ਕਿ ਮੈਂ ਪਰਮੇਸ਼ੁਰ ਸੀ।" ਹੁਣ, ਕੈਲੀਫੋਰਨੀਆ ਵਿੱਚ, *ਵਾਇਸ ਆਫ ਪ੍ਰੋਫੇਸੀ* ਨੇ ਮੇਰੇ ਬਾਰੇ ਇਹੀ ਕਿਹਾ ਹੈ। ਅਤੇ ਜਿਸ ਕਿਸੇ ਨੇ ਵੀ ਇਹ ਦੱਸਿਆ, ਤੁਸੀਂ ਜਾਣਦੇ ਹੋ, ਕੁਝ ਅਜਿਹਾ ਦੱਸਿਆ, ਜੋ ਸੱਚ ਨਹੀਂ ਸੀ।

79 ਪਰ ਸਭ ਤੋਂ ਪਹਿਲਾਂ, ਸੈਵਨਥ-ਡੇ ਐਡਵੈਂਟਿਸਟ ਚਰਚ ਦੇ ਵਿਰੁੱਧ ਵਿਚਾਰ ਨਹੀਂ ਲੈਣਾ ਜਾਂ ਕੋਈ ਹੋਰ ਸਬਟਾਰੀਅਨ ਚਰਚ, ਪਰ ਸਿਰਫ਼ ਇੰਜੀਲ ਦੀ ਖ਼ਾਤਰ। ਅਸੀਂ ਪੰਤੇਕੁਸਤ ਤੇ, ਵੀ, ਕੁਝ ਮਿੰਟਾਂ ਵਿੱਚ, ਜਾਵਾਂਗੇ। ਹਾਂ। ਸੱਚ ਹੈ। ਬੈਪਟਿਸਟ ਤੇ, ਅਸੀਂ ਇਸ ਤੇ ਗੱਲ ਕਰਨ ਜਾ ਰਹੇ ਹਾਂ ਅਤੇ ਇਹ ਦਿਖਾਉਣ ਜਾ ਰਹੇ ਹਾਂ ਕਿ ਪਰਮੇਸ਼ੁਰ ਕਿਸੇ ਵੀ ਸੰਪਰਦਾ ਦਾ ਪੱਖ ਨਹੀਂ ਲੈਂਦਾ। ਇਹ ਠੀਕ ਹੈ। ਉਹ ਸਿਰਫ਼ ਵਿਅਕਤੀ ਦਾ ਪੱਖ ਪੂਰਦਾ ਹੈ। ਅਤੇ ਉਹ ਕਿਸੇ ਵੀ ਸੰਪਰਦਾ ਨਾਲ ਵਿਵਹਾਰ ਨਹੀਂ ਕਰਦਾ, ਉਸਨੇ ਕਦੇ ਨਹੀਂ ਕੀਤਾ ਅਤੇ ਉਹ ਕਦੇ ਨਹੀਂ ਕਰੇਗਾ, ਉਸਦੇ ਬਚਨ ਦੇ ਅਨੁਸਾਰ। ਪਰ ਉਹ ਹਰੇਕ ਸੰਪਰਦਾ

ਦੇ ਵਿਅਕਤੀਆਂ ਨਾਲ ਵਿਵਹਾਰ ਕਰਦਾ ਹੈ। ਹਾਂ, ਇਹ ਉਹ ਵਿਅਕਤੀ ਹਨ ਜਿਨ੍ਹਾਂ ਨਾਲ ਪਰਮੇਸ਼ੁਰ ਵਿਵਹਾਰ ਕਰਦਾ ਹੈ।

80 ਹੁਣ ਇਸ ਨੂੰ ਸਪਸ਼ਟ ਤੌਰ ਤੇ ਸੁਣੋ, ਅਤੇ ਜੇਕਰ ਕਦੇ, ਕਿਸੇ ਵੀ ਸਮੇਂ, ਇਹ ਸਵਾਲ ਤੁਹਾਡੇ ਸਾਹਮਣੇ ਆਵੇ, ਇਸ ਦਾ ਨਿਪਟਾਰਾ ਕੀਤਾ ਜਾਵੇਗਾ। ਹੁਣ, ਯਹੋਵਾਹ ਸਾਡੀ ਮਦਦ ਕਰੇ।

81 ਹੁਣ, ਧਿਆਨ ਨਾਲ, "ਲਈ..." ਚੌਥੀ ਆਇਤ।

*ਉਹ ਨੇ ਤਾਂ ਸੱਤਵੇਂ ਦਿਨ ਦੇ ਵਿਖੇ ਕਿਤੇ ਇਉਂ ਆਖਿਆ ਹੈ,...*

82 ਹੁਣ ਦੇਖੋ। ਉਹ ਸਬਤ ਬਾਰੇ ਗੱਲ ਕਰ ਰਿਹਾ ਹੈ। ਕਿੰਨੇ ਜਾਣਦੇ ਹਨ ਕਿ ਸ਼ਬਦ *ਸ-ਬ-ਤ* ਇਬ-...ਇਬਰਾਨੀ ਸ਼ਬਦ ਹੈ ਜਿਸਦਾ ਅਰਥ ਹੈ "ਅ-ਰਾ-ਮ"? ਕਿੰਨੇ ਕੁ ਇਸ ਨੂੰ ਜਾਣਦੇ ਹਨ, ਅੰਗਰੇਜ਼ੀ ਵਿੱਚ? ਯਕੀਨਨ। ਕੀ ਇੱਕ ਅਜੀਬ ਸ਼ਬਦ ਨਹੀਂ ਲੱਗਦਾ? ਇਹ ਹੈ।

83 ਕੀ *ਪਵਿੱਤ੍ਰੀਕਰਨ* ਇੱਕ ਅਜੀਬ ਸ਼ਬਦ ਨਹੀਂ ਲੱਗਦਾ? *ਪਵਿੱਤ੍ਰੀਕਰਨ* ਇੱਕ ਯੂਨਾਨੀ ਸ਼ਬਦ ਹੈ। *ਪਵਿੱਤ੍ਰੀਕਰਨ* ਦਾ ਮਤਲਬ ਹੈ "ਪਵਿੱਤਰ ਬਣਾਇਆ ਜਾਣਾ।" ਇਬਰਾਨੀ, ਮਤਲਬ "ਪਵਿੱਤਰ ਬਣਾਉਣਾ।" ਯੂਨਾਨੀ, ਮਤਲਬ "ਪਵਿੱਤਰ ਕਰਨਾ।" ਅੰਗਰੇਜ਼ੀ, ਮਤਲਬ "ਸਾਫ਼ ਕਰਨਾ।"

84 *ਸਬਤ* ਦਾ ਅਰਥ ਹੈ "ਅਰਾਮ ਦਾ ਦਿਨ।" ਇਹ ਉਹੀ ਹੈ ਜੋ ਪੁਰਾਣਾ ਸਬਤ ਸੀ, ਅਰਾਮ ਦਾ ਦਿਨ। ਜਦੋਂ ਤੁਸੀਂ *ਅਰਾਮ* ਦੇਖਦੇ ਹੋ, ਇਸਦਾ ਮਤਲਬ ਹੈ "ਸਬਤ।" ਇਸ ਨੂੰ ਅਸਲੀ ਦਸਤਾਵੇਜ਼ ਵਿੱਚ ਦੇਖੋ, ਜੇਕਰ ਤੁਹਾਡੇ ਕੋਲ ਇੱਕ ਯੂਨਾਨੀ ਬਾਈਬਲ ਹੈ, ਅਤੇ ਇਹ ਪਤਾ ਲਗਾਓ ਕਿ ਕੀ ਸ਼ਬਦ...ਜੇ ਤੁਹਾਡੇ ਕੋਲ ਸਕੋਫੀਲਡ ਬਾਈਬਲ ਹੈ, ਤਾਂ ਆਪਣੇ ਹਾਸ਼ੀਏ ਵਿੱਚ "ਅਰਾਮ" ਨੂੰ ਦੇਖੋ ਅਤੇ ਵੇਖੋ ਕਿ ਕੀ ਇਹ ਤੁਹਾਨੂੰ *ਸਬਤ* ਵੱਲ ਵਾਪਸ ਨਹੀਂ ਲਿਆਉਂਦਾ। *ਸਬਤ* ਦਾ ਅਰਥ ਹੈ "ਅਰਾਮ"। ਠੀਕ ਹੈ।

85 ਹੁਣ ਦੇਖੋ।

*ਉਪਰੰਤ ਸਾਨੂੰ ਡਰਨਾ ਚਾਹੀਦਾ ਹੈ, ਭਈ ਨਾ ਹੋਵੇ, ਜੋ ਉਹ ਦੇ* ਸਬਤ ਵਿੱਚ ਵੜਨ ਦਾ *ਵਾਇਦਾ ਹੁੰਦਿਆ ਸੁੰਦਿਆਂ, ਅਰਾਮ,...*

86 ਹੁਣ, ਬਹੁਤ ਸਾਰੇ ਲੋਕ ਦਿਨ ਰੱਖਦੇ ਹਨ, ਜਿਵੇਂ *ਸ਼ਨੀਵਾਰ* ਦੇ ਦਿਨ ਸਬਤ। ਦੂਸਰੇ *ਐਤਵਾਰ* ਨੂੰ, ਮੂਰਤੀ ਪੂਜਾ ਦਾ ਦਿਨ ਬਣਾਉਂਦੇ ਹਨ। ਅਤੇ ਪਰਮੇਸ਼ੁਰ ਦੀ ਕਿਰਪਾ ਨਾਲ, ਅਤੇ ਪਰਮੇਸ਼ੁਰ ਦੇ ਬਚਨ ਦੁਆਰਾ, ਪਰਮੇਸ਼ੁਰ ਅੱਜ ਰਾਤ ਮੇਰੀ ਮਦਦ ਕਰੇ, ਮੈਂ ਤੁਹਾਨੂੰ ਸਾਬਤ ਕਰ ਸਕਦਾ ਹਾਂ ਕਿ ਉਹ ਦੋਵੇਂ ਗਲਤ ਹਨ। ਐਤਵਾਰ ਦਾ ਉਪਾਸਕ ਅਤੇ ਸਬਤ ਰੱਖਣ ਵਾਲਾ, ਉਹ ਦੋਵੇਂ ਵਚਨ

ਦੇ ਅਨੁਸਾਰ ਬਿਲਕੁਲ ਗਲਤ ਹਨ। ਅਤੇ ਆਖ਼ਰਕਾਰ, ਇਹ ਵਚਨ ਹੈ ਜਿਸ ਦੁਆਰਾ ਸਾਨੂੰ ਚਲਣਾ ਪਵੇਗਾ, ਨਾ ਕਿ ਐਡਵੈਂਟਿਸਟ ਕੀ ਕਹਿੰਦੇ ਹਨ, ਜਾਂ ਨਾ ਕਿ ਪ੍ਰੋਟੈਸਟੈਂਟ ਕੀ ਕਹਿੰਦੇ ਹਨ, ਜਾਂ ਕੈਥੋਲਿਕ ਕੀ ਕਹਿੰਦੇ ਹਨ। ਇਹ ਉਹ ਹੈ ਜੋ ਬਾਈਬਲ ਕਹਿੰਦੀ ਹੈ।

87 ਹੁਣ, ਹੁਣ ਦੇਖੋ।

*ਉਹ ਨੇ ਤਾਂ ਸੱਤਵੇਂ ਦਿਨ ਦੇ ਵਿਖੇ ਕਿਤੇ ਇਉਂ ਆਖਿਆ ਹੈ,...*

ਹੁਣ ਅਸੀਂ *ਇਸ* ਤਰ੍ਹਾਂ ਦਾ ਕੁਝ ਰੱਖਣ ਜਾ ਰਹੇ ਹਾਂ, ਅਤੇ ਇਸ—ਇਸ ਨੂੰ ਕਹਾਂਗੇ, "ਪਰਮੇਸ਼ੁਰ ਦਾ ਅਰਾਮ," ਸੱਤਵਾਂ ਦਿਨ।

88 ਹੁਣ ਦੇਖੋ। "ਅਤੇ ਪਰਮੇਸ਼ੁਰ..." ਹੁਣ ਇਸ ਲਿਖਤ ਨੂੰ ਸੁਣੋ।

*...ਪਰਮੇਸ਼ੁਰ ਨੇ ਆਪਣਿਆਂ ਸਾਰਿਆਂ ਕੰਮਾਂ ਤੋਂ ਵਿਹਲਿਆਂ ਹੋ ਕੇ ਸੱਤਵੇਂ ਦਿਨ ਅਰਾਮ ਕੀਤਾ।*

ਪਰਮੇਸ਼ੁਰ ਦਾ ਇੱਕ ਸਬਤ ਸੀ, ਅਤੇ ਉਹ ਸੱਤਵਾਂ ਦਿਨ ਇੱਕ ਹਜ਼ਾਰ ਸਾਲ ਲੰਬਾ ਸੀ, ਹਜ਼ਾਰ ਸਾਲ ਦੇ ਰਾਜ ਦਾ ਇੱਕ ਨਮੂਨਾ।

*ਉਹ ਨੇ ਤਾਂ...ਸੱਤਵੇਂ ਦਿਨ ਦੇ ਵਿਖੇ ਕਿਤੇ ਇਉਂ ਆਖਿਆ ਹੈ, ਭਈ ਪਰਮੇਸ਼ੁਰ ਨੇ...ਆਪਣਿਆਂ—ਆਪਣਿਆਂ ਸਾਰਿਆਂ ਕੰਮਾਂ ਤੋਂ ਵਿਹਲਿਆਂ ਹੋ ਕੇ ਸੱਤਵੇਂ ਦਿਨ ਅਰਾਮ ਕੀਤਾ।*

ਨਿੱਜੀ ਪੜਨਾਂਵ, "*ਆਪਣਿਆਂ* ਸਾਰਿਆਂ ਕੰਮਾਂ ਤੋਂ।" ਉਸ ਨੇ ਸੱਤਵੇਂ ਦਿਨ ਅਰਾਮ ਕੀਤਾ। ਉਹ ਪਰਮੇਸ਼ੁਰ ਹੈ।

*ਇਸ ਥਾਂ ਵਿੱਚ ਫੇਰ ਕਹਿੰਦਾ ਹੈ* (ਸ਼ਰਾ ਦੇ ਅਧੀਨ), *ਓਹ ਮੇਰੇ ਅਰਾਮ ਵਿੱਚ ਕਦੇ ਨਾ ਵੜਨਗੇ।*

89 ਪਰਮੇਸ਼ੁਰ ਨੇ ਸਰੀਰਕ ਤੌਰ ਤੇ ਅਰਾਮ ਕੀਤਾ, ਕਿਉਂਕਿ ਉਸਨੇ ਅਕਾਸ਼ ਅਤੇ ਧਰਤੀ ਨੂੰ ਛੇ ਦਿਨਾਂ ਵਿੱਚ ਬਣਾਇਆ ਸੀ, ਅਤੇ ਸੱਤਵੇਂ ਦਿਨ ਉਸਨੇ ਆਪਣੇ ਸਾਰੇ ਕੰਮ ਤੋਂ ਅਰਾਮ ਕੀਤਾ। ਉਸਨੇ ਇੱਕ ਹਜ਼ਾਰ ਸਾਲ ਅਰਾਮ ਕੀਤਾ। ਕਿਉਂਕਿ ਬਾਈਬਲ ਨੇ ਕਿਹਾ ਹੈ, ਕਿ, "ਧਰਤੀ ਉੱਤੇ ਇੱਕ ਦਿਨ ਸਵਰਗ ਵਿੱਚ ਇੱਕ ਹਜ਼ਾਰ ਸਾਲ ਹੈ; ਸਵਰਗ ਵਿੱਚ ਇੱਕ ਹਜ਼ਾਰ ਸਾਲ ਧਰਤੀ ਉੱਤੇ ਇੱਕ ਦਿਨ ਹੈ।" ਕਿੰਨੇ ਜਾਣਦੇ ਹਨ ਕਿ ਦੂਜੇ ਪਤਰਸ ਵਿੱਚ ਵਚਨ ਇਹ ਕਹਿੰਦਾ ਹੈ? ਠੀਕ ਹੈ। "ਪਰਮੇਸ਼ੁਰ ਨੇ ਸੱਤਵੇਂ ਦਿਨ ਅਰਾਮ ਕੀਤਾ। ਉਹ ਨੇ ਤਾਂ ਸੱਤਵੇਂ ਦਿਨ ਦੇ ਵਿਖੇ ਕਿਤੇ ਇਉਂ ਆਖਿਆ ਹੈ।"

90 ਹੁਣ ਧਿਆਨ ਨਾਲ ਸੁਣੋ।

*ਉਹ ਨੇ ਤਾਂ ਸੱਤਵੇਂ ਦਿਨ ਦੇ ਵਿਖੇ ਕਿਤੇ ਇਉਂ ਆਖਿਆ ਹੈ ਭਈ ਪਰਮੇਸ਼ੁਰ ਨੇ ਆਪਣਿਆਂ ਸਾਰਿਆਂ ਕੰਮਾਂ...ਤੋਂ ਵਿਹਲਿਆਂ ਹੋ ਕੇ ਸੱਤਵੇਂ ਦਿਨ ਅਰਾਮ ਕੀਤਾ।*

*ਇਸ ਥਾਂ ਵਿੱਚ ਫੇਰ ਕਹਿੰਦਾ ਹੈ (ਸ਼ਰਾ), ਓਹ ਮੇਰੇ ਅਰਾਮ ਵਿੱਚ ਕਦੇ ਨਾ ਵੜਨਗੇ।*

ਉਸ ਨੇ ਯਹੂਦੀਆਂ ਨੂੰ, ਵਾਅਦਾ ਕੀਤੇ ਹੋਏ ਦੇਸ਼ ਦੇ ਰਾਹ ਤੇ, ਜਾਂ, ਮਿਸਰ ਤੋਂ ਵਾਅਦਾ ਕੀਤੇ ਹੋਏ ਦੇਸ਼ ਨੂੰ ਜਾਂਦੇ ਹੋਏ, ਸੱਤਵੇਂ-ਦਿਨ ਦਾ ਸਬਤ ਦਿੱਤਾ।

91 ਹੁਣ ਸੁਣੋ।

*ਸੋ ਜਦੋਂ ਕਈਆਂ ਲਈ ਉਸ ਵਿੱਚ ਵੜਨਾ ਅਜੇ ਬਾਕੀ ਰਹਿੰਦਾ ਹੈ ਅਤੇ ਜਿਨ੍ਹਾਂ ਨੂੰ ਪਹਿਲਾਂ ਖੁਸ਼ ਖਬਰੀ ਸੁਣਾਈ ਗਈ ਸੀ...*

ਅਰਾਮ! ਪਰਮੇਸ਼ੁਰ ਨੇ ਉਨ੍ਹਾਂ ਨੂੰ ਸ਼ਰਾ ਦਿੱਤੀ, ਅਤੇ ਸਬਤ ਦਾ ਦਿਨ ਚੌਥਾ ਹੁਕਮ ਸੀ।

*...ਓਹ ਬੇਪਰਤੀਤੀ ਦੇ ਕਾਰਨ ਉਸ ਵਿੱਚ ਨਾ ਵੜੇ:...*

92 ਹੁਣ ਦੇਖੋ। ਉਹ ਸ਼ਰਾ ਬਾਰੇ ਗੱਲ ਕਰ ਰਿਹਾ ਹੈ, ਉਹ ਕਿਵੇਂ ਦਾਖਲ ਹੋਏ, ਨਿਹਚਾ ਦੇ ਨਾਲ ਨਹੀਂ ਰਲਿਆ। ਉਨ੍ਹਾਂ ਨੇ ਇਸ ਨੂੰ ਨਹੀਂ ਰੱਖਿਆ। ਉਨ੍ਹਾਂ ਨੇ ਸਬਤ ਦੇ ਦਿਨ ਨੂੰ ਇੱਕ ਯਾਦਗਾਰ ਵਿੱਚ ਰੱਖਿਆ, ਕਿ ਉਹ ਸਬਤ ਦੇ ਦੇਸ਼ ਵਿੱਚ ਜਾ ਰਹੇ ਸਨ, ਉਹਨਾਂ ਦੀਆਂ ਸਾਰੀਆਂ ਮੁਸੀਬਤਾਂ ਅਤੇ ਉਹਨਾਂ ਦੀਆਂ ਸਾਰੀਆਂ ਚਿੰਤਾਵਾਂ ਤੋਂ ਸਦੀਵੀ ਅਰਾਮ ਪ੍ਰਾਪਤ ਕਰਨ ਲਈ, ਕੋਈ ਹੋਰ ਸਖਤ ਕੰਮ ਲੈਣ ਵਾਲਾ ਨਹੀਂ, ਕੋਈ ਹੋਰ ਬੇਚੈਨ ਰਾਤਾਂ ਨਹੀਂ। ਉਹ ਅਰਾਮ ਦੀ ਵਾਅਦਾ ਕੀਤੀ ਹੋਈ ਧਰਤੀ ਵੱਲ ਜਾ ਰਹੇ ਸਨ। ਇਸ ਵਿੱਚ ਦੁੱਧ ਅਤੇ ਸ਼ਹਿਦ ਵਗਦਾ ਸੀ। ਅੰਗੂਰ ਇੰਨੇ ਵੱਡੇ ਸਨ ਕਿ ਉਨ੍ਹਾਂ ਦਾ ਇੱਕ ਗੁੱਛਾ ਦੋ ਆਦਮੀਆਂ ਨੂੰ ਆਪਣੇ ਮੋਢਿਆਂ ਉੱਤੇ ਚੁੱਕਣਾ ਪੈਂਦਾ ਸੀ। ਔਹ, ਕਿੰਨੀ ਮੁਬਾਰਕ ਅਰਾਮ ਦੀ ਧਰਤੀ! ਪਰ ਜਦੋਂ ਉਹ ਉੱਥੇ ਪਹੁੰਚੇ ਤਾਂ ਉਹ ਆਪਣੇ ਅਵਿਸ਼ਵਾਸ ਕਾਰਨ, ਇਸ ਨੂੰ ਪ੍ਰਾਪਤ ਕਰਨ ਵਿੱਚ ਅਸਫਲ ਰਹੇ। ਉਹਨਾਂ ਨੂੰ ਮਿਸਰ ਛੱਡਣ ਤੋਂ ਸਿਰਫ਼ ਚਾਲੀ ਮੀਲ ਬਾਅਦ ਗੁਮਰਾਹ ਕਰ ਦਿੱਤਾ ਗਿਆ, ਵਾਅਦਾ ਕੀਤੇ ਹੋਏ ਦੇਸ਼ ਵੱਲ ਜਾਂਦੇ ਹੋਏ। ਅਤੇ ਉਹਣਾਂ ਨੂੰ ਉੱਥੇ ਪਹੁੰਚਦੇ ਹੋਏ ਚਾਲੀ ਸਾਲ ਲੱਗ ਗਏ, ਆਪਣੇ ਅਵਿਸ਼ਵਾਸ ਦੇ ਕਾਰਨ। ਪਰਮੇਸ਼ੁਰ ਨੇ ਉਨ੍ਹਾਂ ਨੂੰ ਆਪਣਾ ਨਬੀ ਦਿੱਤਾ, ਉਸਨੂੰ ਆਪਣਾ ਚਿੰਨ੍ਹ ਦਿੱਤਾ, ਉਸਨੂੰ ਅੱਗ ਦਾ ਥੰਮ੍ਹ ਦਿੱਤਾ, ਚਿੰਨ੍ਹ ਅਤੇ ਅਚੰਭੇ ਦਿਖਾਏ, ਅਤੇ ਉਨ੍ਹਾਂ ਨੂੰ ਇੰਜੀਲ ਦਾ ਪ੍ਰਚਾਰ ਕੀਤਾ। ਅਤੇ ਉਹ ਮੱਛੀਆਂ ਅਤੇ ਰੋਟੀਆਂ ਦੇ ਪਿੱਛੇ ਤੁਰ ਪਏ, ਅਤੇ ਉਜਾੜ ਵਿੱਚ ਡਿੱਗ ਪਏ। "ਅਤੇ ਉਨ੍ਹਾਂ ਦੀਆਂ ਲਾਸ਼ਾਂ ਉਜਾੜ ਵਿੱਚ ਨਸ਼ਟ ਹੋ ਗਈਆਂ।"

93 ਯਿਸੂ, ਝਰਨੇ ਤੇ, ਉਸ ਨੇ ਕਿਹਾ।

ਉਹਨਾਂ ਕਿਹਾ, "ਸਾਡੇ ਪੁਰਖਿਆਂ ਨੇ ਚਾਲੀ ਸਾਲਾਂ ਤੱਕ, ਉਜਾੜ ਵਿੱਚ ਮੰਨ ਖਾਧਾ।"

94 ਉਸ ਨੇ ਕਿਹਾ, "**ਮੈਂ** ਜੀਵਨ ਦੀ ਉਹ ਰੋਟੀ ਹਾਂ ਜੋ ਸਵਰਗ ਤੋਂ ਪਰਮੇਸ਼ੁਰ ਵੱਲੋਂ ਆਉਂਦੀ ਹੈ। **ਮੈਂ** ਜੀਵਨ ਦੀ ਰੋਟੀ ਹਾਂ। ਮੂਸਾ ਨੇ ਤੁਹਾਨੂੰ ਉਹ ਰੋਟੀ ਨਹੀਂ ਦਿੱਤੀ। ਮੇਰੇ ਪਿਤਾ ਨੇ ਉਹ ਰੋਟੀ ਦਿੱਤੀ। ਅਤੇ **ਮੈਂ** ਉਹ ਰੋਟੀ ਹਾਂ ਜੋ ਪਰਮੇਸ਼ੁਰ ਵੱਲੋਂ ਸਵਰਗ ਤੋਂ ਆਉਂਦੀ ਹੈ। ਜੇਕਰ ਕੋਈ ਮਨੁੱਖ ਇਸ ਨੂੰ ਖਾਵੇ, ਤਾਂ ਕਦੇ ਨਹੀਂ ਮਰੇਗਾ।" ਫਰਕ ਹੈ।

95 ਹੁਣ ਦੇਖੋ। ਉਨ੍ਹਾਂ ਨੇ ਕਿਹਾ ਕਿ ਉਹ…"ਉਨ੍ਹਾਂ ਨੇ ਉਸ ਚੱਟਾਨ ਤੋਂ ਪੀਤਾ ਜੋ ਉਜਾੜ ਵਿੱਚ ਸੀ, *ਬਹੁਤ-ਸਾਰੇ* ਸਾਲਾਂ ਤੱਕ।"

96 ਉਸ ਨੇ ਕਿਹਾ, "**ਮੈਂ** ਉਹ ਚਟਾਨ ਹਾਂ।" ਉਸ ਦਾ ਪਵਿੱਤਰ ਨਾਮ ਮੁਬਾਰਕ ਹੋਵੇ! "**ਮੈਂ** ਉਹ ਚਟਾਨ ਹਾਂ।"

ਉਹ ਚੱਟਾਨ ਕਿਵੇਂ ਹੋ ਸਕਦਾ ਹੈ? ਉਹ ਚੱਟਾਨ ਇੱਕ ਆਤਮਿਕ ਚੱਟਾਨ ਸੀ। ਇਹ ਇਜ਼ਰਾਈਲ ਦੇ ਬੱਚਿਆਂ ਦੇ ਪਿੱਛੇ ਚਲਦੀ ਸੀ। ਅਤੇ ਮੂਸਾ ਦੇ ਹੱਥ ਵਿੱਚ ਇੱਕ ਸੋਟੀ ਸੀ, ਜੋ ਪਰਮੇਸ਼ੁਰ ਦੀ ਨਿਆਂ ਦੀ ਲਾਠੀ ਸੀ। ਅਤੇ ਪਰਮੇਸ਼ੁਰ ਨੇ ਉਸਨੂੰ ਚੱਟਾਨ ਨੂੰ ਮਾਰਨ ਲਈ ਕਿਹਾ, ਅਤੇ ਉਸਨੇ ਚੱਟਾਨ ਨੂੰ ਮਾਰਿਆ। ਅਤੇ ਜਦੋਂ ਉਸਨੇ ਮਾਰਿਆ, ਚੱਟਾਨ ਵਿੱਚੋਂ ਪਾਣੀ ਨਿਕਲਿਆ। ਅਤੇ ਮਸੀਹ ਉਹ ਚੱਟਾਨ ਸੀ, ਅਤੇ ਪਰਮੇਸ਼ੁਰ ਦੇ ਪਾਪ ਦੀ ਸਜ਼ਾ ਦਾ ਨਿਆਂ ਉਸ ਉੱਤੇ ਮਾਰਿਆ ਗਿਆ ਸੀ। "ਪਰਮੇਸ਼ੁਰ ਨੇ ਸਾਡੇ ਸਾਰਿਆਂ ਦੀ ਬਦੀ ਉਸ ਉੱਤੇ ਲਾਈ," ਅਤੇ ਉਸ ਬਦੀ ਨਾਲ ਉਸਦਾ ਦਿਲ ਫਟ ਗਿਆ। ਅਤੇ ਉਸਦੇ ਦਿਲ ਵਿੱਚੋਂ ਪਵਿੱਤਰ ਆਤਮਾ ਵਹਾਇਆ ਗਿਆ, ਪਾਣੀ ਦੀਆਂ ਨਦੀਆਂ ਵਾਂਗ, ਨਾਸ ਹੋ ਰਹੇ, ਮਰ ਰਹੇ ਲੋਕਾਂ ਲਈ।

"**ਮੈਂ** ਉਹ ਚੱਟਾਨ ਹਾਂ ਜੋ ਉਜਾੜ ਵਿੱਚ ਸੀ।"

"ਕਿਉਂ," ਉਸ ਨੇ ਕਿਹਾ, "ਤੁਹਾਡੇ ਕਹਿਣ ਦਾ ਮਤਲਬ ਹੈ…"

97 ਉਸ ਨੇ ਕਿਹਾ, "ਮੂਸਾ, ਜਿਸਨੇ ਤੈਨੂੰ ਇਹ ਦੱਸਿਆ ਸੀ, ਉਹ ਮੇਰਾ ਦਿਨ ਦੇਖਣ ਲਈ ਤਰਸਦਾ ਸੀ। ਅਤੇ ਉਸਨੇ ਇਸਦਾ ਕੁਝ ਹਿੱਸਾ ਦੇਖਿਆ।"

98 ਉਸ ਨੇ ਕਿਹਾ, "ਹੁਣ, ਤੂੰ ਸਾਨੂੰ ਦੱਸਣਾ ਚਾਹੁੰਦਾ ਹੈਂ ਕਿ ਤੂੰ ਮੂਸਾ ਤੋਂ ਵੱਡਾ ਹੈਂ? ਕਿ ਤੂੰ ਮੂਸਾ ਨੂੰ ਦੇਖਿਆ ਹੈ? ਅਤੇ ਮੂਸਾ ਨੂੰ ਮਰੇ ਅੱਠ ਸੌ ਸਾਲ ਹੋ ਗਏ ਹਨ।" ਕਿਹਾ, "ਹੁਣ ਅਸੀਂ ਜਾਣਦੇ ਹਾਂ ਕਿ ਤੈਨੂੰ ਇੱਕ ਭੂਤ ਚਿੰਬੜਿਆ ਹੋਇਆ ਹੈ," ਦੂਜੇ ਸ਼ਬਦਾਂ ਵਿਚ, ਪਾਗਲ। "ਅਸੀਂ ਜਾਣਦੇ ਹਾਂ ਕਿ ਤੂੰ ਪਾਗਲ ਹੈਂ।"

99 ਉਸ ਨੇ ਕਿਹਾ, "ਅਬਰਾਹਾਮ ਤੋਂ ਪਹਿਲਾਂ, **ਮੈਂ ਹਾਂ। ਮੈਂ ਉਹ ਮਹਾਨ ਹਾਂ** ਜੋ ਬਲਦੀ ਝਾੜੀ ਵਿੱਚ ਸੀ। ਮੈਂ ਉਹ ਅੱਗ ਹਾਂ ਜੋ ਬਲਦੀ ਝਾੜੀ ਵਿੱਚ ਸੀ। ਮੈਂ ਉਹ ਦੂਤ ਹਾਂ ਜੋ ਉਨ੍ਹਾਂ ਦੇ ਅੱਗੇ ਚੱਲਦਾ ਸੀ।" ਅਤੇ ਉਸਨੇ ਕਿਹਾ, "ਮੈਂ ਪਰਮੇਸ਼ੁਰ ਤੋਂ ਆਇਆ ਹਾਂ, ਅਤੇ ਮੈਂ ਪਰਮੇਸ਼ੁਰ ਕੋਲ ਵਾਪਸ ਜਾਂਦਾ ਹਾਂ।" ਅਤੇ ਉਹ ਪਰਮੇਸ਼ੁਰ ਵੱਲੋਂ ਆਇਆ, ਦੇਹ ਧਾਰੀ ਹੋਇਆ ਅਤੇ ਸਾਡੇ ਵਿਚਕਾਰ ਵਾਸ ਕੀਤਾ; ਅੱਗ ਦੇ ਉਸੇ ਥੰਮ੍ਹ ਵਿੱਚ ਵਾਪਸ ਚਲਾ ਗਿਆ।

ਅਤੇ ਉਹ ਇੱਥੇ ਹੈ, ਅੱਜ ਰਾਤ, ਦੋ ਹਜ਼ਾਰ ਸਾਲਾਂ ਬਾਅਦ, "ਉਹੀ ਕੱਲ੍ਹ, ਅੱਜ, ਅਤੇ ਸਦਾ ਲਈ," ਉਹੀ ਕੰਮ ਕਰਦੇ ਹੋਏ, ਉਸਦੇ ਮੁਬਾਰਕ ਬੱਚਿਆਂ ਦੀ ਅਗਵਾਈ ਕਰਦੇ ਹੋਏ।

100 ਅਤੇ ਬਹੁਤ ਸਾਰੇ ਆ ਰਹੇ ਹਨ...ਅਵਿਸ਼ਵਾਸ ਦੇ ਕਾਰਨ। ਹੁਣ, ਉਸਨੇ ਕਿਹਾ, "ਉਸਨੇ ਇੱਕ ਦਿਨ ਸੀਮਿਤ ਕੀਤਾ," ਇੱਕ ਦਿਨ ਜਦੋਂ ਪਰਮੇਸ਼ੁਰ ਨੇ ਆਪਣਾ ਕੰਮ ਪੂਰਾ ਕੀਤਾ। ਫਿਰ, "ਉਸਨੇ ਸੀਮਿਤ ਕੀਤਾ 'ਇਕ ਹੋਰ ਦਿਨ,' ਅਤੇ ਇਸ ਅਨੁਸਾਰ, ਜੇ ਉਹ ਸੁਣਨਗੇ, ਜੇ ਉਹ ਆਉਣਗੇ, ਜੋ ਸਬਤ ਨੂੰ ਰੱਖਣਗੇ, ਨਵਾਂ ਚੰਦ ਅਤੇ ਆਦਿ ਆਦਿ।" ਉੱਥੇ ਹੀ ਜਿੱਥੇ ਐਡਵੇਂਟ ਭਾਈ ਤੁਹਾਨੂੰ ਵਾਪਸ ਲਿਆਉਣ ਦੀ ਕੋਸ਼ਿਸ਼ ਕਰਦੇ ਹਨ।

101 ਹੁਣ ਅੱਗੇ ਪੜ੍ਹਦੇ ਹਾਂ। ਧਿਆਨ ਦਿਓ।

> *ਸੋ...ਜਦੋਂ ਕਈਆਂ ਲਈ ਉਸ ਵਿੱਚ ਵੜਨਾ ਅਜੇ ਬਾਕੀ ਰਹਿੰਦਾ ਹੈ, ਅਤੇ ਜਿਨ੍ਹਾਂ ਨੂੰ ਪਹਿਲਾਂ ਖ਼ੁਸ਼ ਖਬਰੀ ਸੁਣਾਈ ਗਈ ਸੀ ਓਹ ਬੇਪਰਤੀਤੀ ਦੇ ਕਾਰਨ ਉਸ ਵਿੱਚ ਨਾ ਵੜੇ।*

102 ਹੁਣ, 7ਵੀਂ ਆਇਤ। ਔਹ, ਮੇਰੇ! ਮੈਂ ਕਹਿੰਦਾ ਹਾਂ, ਲਿੱਖਤਾਂ ਗਣਿਤ ਤੋਂ ਪ੍ਰੇਰਿਤ ਹਨ। ਮੈਂ ਕਹਿੰਦਾ ਹਾਂ, ਵਚਨ ਹੈ, ਅਤੇ ਹਰ ਤਰੀਕੇ ਨਾਲ, ਪ੍ਰੇਰਿਤ ਹੈ। ਬਾਈਬਲ ਦਾ ਗਣਿਤ ਸੰਪੂਰਣ ਹੈ।

103 ਕੀ ਤੁਸੀਂ ਧਿਆਨ ਦਿੱਤਾ ਹੈ ਕਿ ਇਹ ਸੰਯੁਕਤ ਰਾਜ ਜੋ ਵੀ ਕਰਦਾ ਹੈ ਉਸ ਵਿੱਚ ਤੇਰ੍ਹਾਂ ਨੰਬਰ ਤੇ ਹੈ? ਤੁਸੀਂ ਜਾਣਦੇ ਹੋ ਕਿ ਇਸ ਨੇ ਤੇਰ੍ਹਾਂ ਬਸਤੀਆਂ ਬਣਾਈਆਂ ਸਨ? ਤੁਸੀਂ ਜਾਣਦੇ ਹੋ ਕਿ ਪਹਿਲਾਂ ਇਸ ਦੇ ਝੰਡੇ ਵਿੱਚ ਤੇਰ੍ਹਾਂ ਤਾਰੇ ਹੋਇਆ ਕਰਦੇ ਸਨ? ਤੁਸੀਂ ਜਾਣਦੇ ਹੋ ਸੰਯੁਕਤ ਰਾਜ ਜੋ ਵੀ ਕਰਦਾ ਹੈ ਉਹ ਨੰਬਰ ਤੇਰ੍ਹਾਂ ਵਿੱਚ ਹੈ? ਕੀ ਤੁਸੀਂ ਜਾਣਦੇ ਹੋ ਕਿ ਬਾਈਬਲ ਵਿੱਚ ਇਹ ਪਰਕਾਸ਼ ਦੀ ਪੋਥੀ 13 ਵਿਚ ਪ੍ਰਗਟ ਹੁੰਦਾ ਹੈ? ਜ਼ਰੂਰ ਹੁੰਦਾ ਹੈ। ਛੋਟਾ ਦਰਿੰਦਾ, ਲੇਲਾ ਜੋ ਪਾਣੀ ਵਿੱਚੋਂ ਬਾਹਰ ਆਉਂਦਾ ਹੈ, ਲੋਕਾਂ ਦੀ ਵੱਡੀ ਅਤੇ ਮੋਟੀ ਭੀੜ ਨਹੀਂ,...ਪਾਣੀ ਤੋਂ ਬਾਹਰ ਨਹੀਂ, ਪਰ ਧਰਤੀ ਤੋਂ ਬਾਹਰ, ਜਿੱਥੇ ਕੋਈ ਨਹੀਂ ਹੈ। ਇਸ ਦੇ ਦੋ ਛੋਟੇ ਸਿੰਗ ਸਨ: ਅਸੈਨਿਕ ਅਤੇ ਪੁਰੋਹਿਤਾਈ ਦੀਆਂ ਸ਼ਕਤੀਆਂ।

ਅਤੇ ਉਹ ਇੱਕ ਲੇਲਾ ਸੀ: ਧਰਮ ਦੀ ਆਜ਼ਾਦੀ। ਅਤੇ ਕੁਝ ਦੇਰ ਬਾਅਦ, ਉਹ ਇਕੱਠੇ ਹੋਏ ਅਤੇ ਉਹ ਅਜਗਰ ਵਾਂਗ ਬੋਲਿਆ, ਅਤੇ ਉਹ ਸਾਰੀ ਸ਼ਕਤੀ ਵਰਤੀ ਜਿਵੇਂ ਉਸ ਤੋਂ ਪਹਿਲਾਂ ਰੋਮ ਕਰਦਾ ਸੀ। ਇਹ ਸਾਡੇ ਦੇਸ਼ ਦੀ ਗੱਲ ਹੋ ਰਹੀ ਹੈ। ਤੁਸੀਂ ਇਸਨੂੰ ਨਿਸ਼ਾਨ ਲੱਗਾ ਲਵੋ। ਤੁਸੀਂ ਗਿਰਜਿਆਂ ਦੇ ਸੰਘ ਅਤੇ ਕੈਥੋਲਿਕ ਦਾ ਮੇਲ ਹੋਣ ਤਕ ਵੇਖੋ, ਅਤੇ ਫਿਰ ਦੇਖਣਾ ਕਿ ਕੀ ਹੁੰਦਾ ਹੈ।

104 ਜਿਹੜੇ ਲੋਕ ਅੱਗ ਦੇ ਥੰਮ੍ਹ ਦੇ ਪਿੱਛੇ ਚੱਲਦੇ ਹਨ, ਉਨ੍ਹਾਂ ਲਈ ਜ਼ਰੂਰ ਔਖਾ ਸਮਾਂ ਹੋਵੇਗਾ, ਪਰ ਉਹ ਉਸ ਸਮੇਂ ਬਦਲ ਜਾਣ ਲਈ ਤਿਆਰ ਹਨ, ਇਹ ਸਹੀ ਹੈ, ਬੱਸ ਜਾਣ ਲਈ ਤਿਆਰ ਹਨ। "ਕਿਉਂਕਿ ਲੇਲੇ ਨੇ ਉਨ੍ਹਾਂ ਨੂੰ ਜਿੱਤ ਲਿਆ," ਬਾਈਬਲ ਨੇ ਕਿਹਾ, "ਅਤੇ ਉਹ ਜਿਹੜੇ ਉਸਦੇ ਮਗਰ ਚੱਲੇ, ਕਿਉਂਕਿ ਉਹ ਚੁਣੇ ਹੋਏ ਅਤੇ ਵਫ਼ਾਦਾਰ, ਪਰਮੇਸ਼ੁਰ ਦੇ ਚੁਣੇ ਹੋਏ ਸੱਦੇ ਗਏ ਸਨ।" ਹੁਣ ਉਸ ਭਵਿੱਖਬਾਣੀ ਵਿੱਚ ਜਾਣ ਤੋਂ ਰੁੱਕ ਜਾਂਦੇ ਹਾਂ, ਤਾਂ ਜੋ ਅਸੀਂ ਇਸਨੂੰ ਅੱਗੇ ਲਿਜਾ ਸਕੀਏ।

105 ਧਿਆਨ ਨਾਲ ਸੁਣੋ, 7ਵਾਂ ਅਧਿਆਇ, ...ਮੇਰਾ ਮਤਲਬ ਚੌਥਾ ਅਧਿਆਇ, 7ਵੀਂ ਆਇਤ ਹੈ। ਸੱਤ ਸੰਪੂਰਨਤਾ ਦੀ ਸੰਖਿਆ ਹੈ। ਤਿੰਨ ਜੀਵਨ ਦੀ ਸੰਖਿਆ ਹੈ। ਸੱਤ ਸੰਪੂਰਨਤਾ ਦੀ ਸੰਖਿਆ ਹੈ, ਅਤੇ ਇਹ ਸਾਨੂੰ ਪੂਰਾ ਸਬਤ ਦਿੰਦਾ ਹੈ।

"ਅਤੇ ਦੁਬਾਰਾ," ਯਾਦ ਰੱਖੋ, ਉਹ ਬੋਲਿਆ, "ਪਰਮੇਸ਼ੁਰ," ਇਸ ਅਨੁਸਾਰ। ਫਿਰ ਉਸਨੇ ਇਸ ਆਧਾਰ ਤੇ, "ਸ਼ਰਾ" ਦੀ ਗੱਲ ਕੀਤੀ। ਅਤੇ ਫਿਰ, ਦੁਬਾਰਾ, "ਉਸਨੇ ਇੱਕ ਦਿਨ ਸੀਮਿਤ ਕੀਤਾ," ਤੀਜੇ ਦਿਨ, ਤੀਜੀ ਵਾਰ।

> *ਫੇਰ, ਇੱਕ ਦਿਨ ਸੀਮਤ ਕੀਤਾ, ਦਾਊਦ ਦੀ ਜ਼ਬਾਨੀ ਕਿਸੇ ਇੱਕ ਦਿਨ ਦੀ ਗੱਲ ਕਰਦਾ ਹੋਇਆ, ਅੱਜ ਦਾ ਦਿਨ, ਐਨੇ ਚਿਰ ਮਗਰੋਂ;...ਅੱਜ ਦਾ ਦਿਨ, ਐਨੇ ਚਿਰ ਮਗਰੋਂ; ਕਹਿੰਦਾ ਹੈ ਜਿਵੇਂ ਅੱਗੇ ਕਿਹਾ ਗਿਆ ਸੀ, ਅੱਜ ਜੇ ਤੁਸੀਂ ਉਹ ਦੀ ਅਵਾਜ਼ ਸੁਣੋ, ਤਾਂ ਆਪਣੇ ਦਿਲਾਂ ਨੂੰ ਕਠੋਰ ਨਾ ਕਰੋ। (ਵੇਖੋ।)*
>
> *...ਜੇ ਯਿਸੂ ਨੇ ਉਨ੍ਹਾਂ ਨੂੰ ਅਰਾਮ* (ਇੱਕ ਸਬਤ)*,...ਦਿੱਤਾ ਹੁੰਦਾ ਤਾਂ ਪਰਮੇਸ਼ੁਰ ਉਹ ਦੇ ਮਗਰੋਂ ਕਿਸੇ ਹੋਰ ਦਿਨ ਦੀ ਗੱਲ ਨਾ ਕਰਦਾ।*

ਵਿਵਸਥਾ ਯਿਸੂ ਮਸੀਹ ਦੇ ਨਾਲ ਬਦਲਦੀ ਹੈ: ਸ਼ਰਾ ਤੋਂ ਕਿਰਪਾ ਵੱਲ, ਕੰਮਾਂ ਤੋਂ ਕਿਰਪਾ ਵੱਲ, ਕਿਸੇ ਚੀਜ਼ ਤੋਂ ਜੋ ਤੁਸੀਂ ਕਰਦੇ ਹੋ ਉਸ ਚੀਜ਼ ਤੱਕ ਜੋ ਪਰਮੇਸ਼ੁਰ ਕਰਦਾ ਹੈ, ਤੁਹਾਡੇ ਆਪਣੇ ਗੁਣਾਂ ਤੇ ਜਾਂ ਉਸਦੇ ਗੁਣਾਂ ਤੇ। ਇਹ ਬਦਲ ਗਿਆ।

106 ਜਦੋਂ ਮੂਸਾ ਉਜਾੜ ਵਿੱਚੋਂ ਬਾਹਰ ਆਇਆ, ਬਿਵਸਥਾ ਦੇ ਨਾਲ, ਉਸਨੇ ਕਿਹਾ, "ਤੂੰ ਵਿਭਚਾਰ ਨਾ ਕਰ। ਤੂੰ ਚੋਰੀ ਨਾ ਕਰ। ਤੂੰ ਕਤਲ ਨਾ ਕਰ। ਸਬਤ ਦੇ ਦਿਨ ਨੂੰ ਪਵਿੱਤਰ ਕਰਕੇ ਜਾਣ।" ਜਦੋਂ ਯਿਸੂ ਉਜਾੜ ਵਿੱਚੋਂ ਬਾਹਰ ਆਇਆ...ਜਦੋਂ ਮੂਸਾ ਆਇਆ, ਸ਼ੈਤਾਨ ਨੇ ਉਸਨੂੰ ਪਰਤਾਇਆ। ਜਿਵੇਂ ਹੀ ਸ਼ੈਤਾਨ ਨੇ ਉਸਨੂੰ ਪਰਤਾਇਆ, ਉਸਨੇ ਇਸ ਵੱਲ ਧਿਆਨ ਦਿੱਤਾ। ਮੂਸਾ ਦੀ ਇੱਕ ਕਮਜ਼ੋਰੀ ਸੀ। ਕਿੰਨੇ ਜਾਣਦੇ ਹਨ ਕਿ ਇਹ ਕੀ ਸੀ? ਗੁੱਸਾ। ਅਤੇ ਜਿਵੇਂ ਹੀ ਉਸਨੇ ਉਨ੍ਹਾਂ ਨੂੰ ਸੋਨੇ ਦੇ ਵੱਛੇ ਦੀ ਉਪਾਸਨਾ ਕਰਦੇ ਵੇਖਿਆ, ਉਸਨੇ ਹੁਕਮਾਂ ਨੂੰ ਸੁੱਟ ਦਿੱਤਾ ਅਤੇ ਉਨ੍ਹਾਂ ਨੂੰ ਤੋੜ ਦਿੱਤਾ, ਤੁਹਾਨੂੰ ਦਿਖਾਉਂਦਾ ਹੈ ਕਿ ਜਾਜਕਾਈ ਭੰਨ ਦਿੱਤੀ ਜਾਵੇਗੀ। ਅਤੇ ਪਰਮੇਸ਼ੁਰ ਨੇ ਉਹ ਦੁਬਾਰਾ ਉਸ ਨੂੰ ਦਿੱਤੀਆਂ।

107 ਪਰ ਜਦੋਂ ਯਿਸੂ ਉਜਾੜ ਵਿੱਚੋਂ ਬਾਹਰ ਆਇਆ, ਚਾਲੀ ਦਿਨਾਂ ਦਾ ਵਰਤ ਰੱਖ ਕੇ, ਉਹ ਭੁੱਖਾ ਸੀ, ਜੋ ਕਿ ਉਸਦੀ ਇੱਕੋ ਇੱਕ ਕਮਜ਼ੋਰੀ ਸੀ। ਅਤੇ ਸ਼ੈਤਾਨ ਉਸ ਕੋਲ ਆਇਆ ਅਤੇ ਕਿਹਾ, "ਜੇਕਰ ਤੂੰ ਪਰਮੇਸ਼ੁਰ ਦਾ ਪੁੱਤਰ ਹੈਂ, ਤਾਂ ਇਨ੍ਹਾਂ ਪੱਥਰਾਂ ਨੂੰ ਰੋਟੀ ਵਿੱਚ ਬਦਲ ਦੇ। ਇੱਥੇ ਇੱਕ ਚਮਤਕਾਰ ਕਰ। ਮੈਨੂੰ ਇਹ ਕਰ ਕੇ ਵਿਖਾ, ਅਤੇ ਮੈਂ ਤੇਰੇ ਤੇ ਵਿਸ਼ਵਾਸ ਕਰਾਂਗਾ।"

108 ਯਿਸੂ ਨੇ ਕਿਹਾ, "ਲਿਖਿਆ ਹੈ, 'ਮਨੁੱਖ ਇਕੱਲੀ ਰੋਟੀ ਨਾਲ ਨਹੀਂ ਜਿਉਂਦਾ ਨਹੀਂ ਰਹੇਗਾ, ਪਰ ਹਰੇਕ ਉਸ ਦੁਆਰਾ ਜੋ ਪਰਮੇਸ਼ੁਰ ਦੇ ਮੂੰਹੋਂ ਨਿਕਲਦਾ ਹੈ।'" ਉਹ ਜਾਣਦਾ ਸੀ ਕਿ ਉਹ ਉੱਥੇ ਉਸਦਾ ਟਾਕਰਾ ਮੂਸਾ ਨਾਲ ਨਹੀਂ ਸੀ, ਕਿਉਂਕਿ ਉਹ ਬਚਨ ਕੋਲ ਗਿਆ ਸੀ।

109 ਉਸ ਨੂੰ ਮੰਦਰ ਦੇ, ਸਿਖਰ ਤੇ ਲੈ ਗਿਆ, ਕਿਹਾ, "ਜੇ ਤੂੰ ਪਰਮੇਸ਼ੁਰ ਦਾ ਪੁੱਤਰ ਹੈਂ, ਤਾਂ ਆਪਣੇ ਆਪ ਨੂੰ ਹੇਠਾਂ ਡੇਗ ਦੇ।" ਅਤੇ *ਲਪੇਟਿਆ*, ਹਵਾਲਾ ਨਹੀਂ ਦਿੱਤਾ, ਪਰ ਲਿਖਤ ਨੂੰ ਲਪੇਟਿਆ। ਕਿਹਾ, "ਲਿਖਿਆ ਹੈ, 'ਉਹ ਦੂਤਾਂ ਨੂੰ ਹੁਕਮ ਦੇਵੇਗਾ, ਮਤੇ, ਅਜਿਹਾ ਨਾ ਹੋਵੇ ਕਿ ਤੇਰੇ ਪੈਰ ਪੱਥਰਾਂ ਤੋਂ ਸੱਟ ਖਾਣ। ਉਹ ਤੈਨੂੰ ਸੰਭਾਲ ਲਵੇਗਾ।'"

110 ਅਤੇ ਯਿਸੂ ਸਿੱਧਾ ਬਚਨ ਵੱਲ ਗਿਆ, ਅਤੇ ਉਸਨੂੰ ਝਿੜਕਿਆ।

111 ਉਸਨੂੰ ਪਹਾੜ ਉੱਤੇ ਲੈ ਗਿਆ ਅਤੇ ਉਸਨੂੰ ਸੰਯੁਕਤ ਰਾਜ ਅਤੇ ਜਰਮਨੀ ਅਤੇ ਸਵਿਟਜ਼ਰਲੈਂਡ ਦਿਖਾਇਆ, ਅਤੇ ਸੰਸਾਰ ਦੇ ਸਾਰੇ ਦੇਸ਼, ਜੋ ਕਦੇ ਹੋਣਗੇ, ਕਿਹਾ, "ਉਹ ਸਾਰੇ ਮੇਰੇ ਹਨ। ਮੈਂ ਉਨ੍ਹਾਂ ਨਾਲ ਜੋ ਚਾਹੁੰਦਾ ਹਾਂ ਉਹ ਕਰਦਾ ਹਾਂ।" ਇਸ ਲਈ ਕੋਈ ਹੈਰਾਨੀ ਨਹੀਂ ਕਿ ਸਾਡੇ ਕੋਲ ਲੜਾਈਆਂ ਅਤੇ ਮੁਸੀਬਤਾਂ ਹਨ। ਕਿਹਾ, "ਮੈਂ ਉਨ੍ਹਾਂ ਨਾਲ ਕਰਦਾ ਹਾਂ..." ਕੋਈ ਹੈਰਾਨੀ ਨਹੀਂ ਕਿ ਔਰਤਾਂ ਦੇ ਪਹਿਰਾਵੇ...ਅਤੇ ਇਸ ਦੇ ਨਾਲ ਹੁੰਦੇ ਹਨ, ਕਾਨੂੰਨ ਦੁਆਰਾ। ਉਹ ਸਾਰੇ

ਸ਼ੈਤਾਨ ਦੁਆਰਾ ਨਿਯੰਤਰਿਤ ਹਨ। ਇਹ ਉਹ ਹੈ ਜੋ ਬਾਈਬਲ ਨੇ ਕਿਹਾ ਹੈ। ਸ਼ੈਤਾਨ ਨੇ ਕਿਹਾ, "ਉਹ ਮੇਰੇ ਹਨ। ਮੈਂ ਉਨ੍ਹਾਂ ਨਾਲ ਜੋ ਚਾਹੁੰਦਾ ਹਾਂ ਉਹ ਕਰਦਾ ਹਾਂ।" ਕਿਹਾ, "ਜੇ ਤੂੰ ਮੇਰੀ ਉਪਾਸਨਾ ਕਰੇਂਗਾ, ਤਾਂ ਮੈਂ ਤੈਨੂੰ ਮੇਰੇ ਵਰਗਾ ਰਾਜਾ ਬਣਾ ਦਿਆਂਗਾ।"

112 ਯਿਸੂ ਨੇ ਕਿਹਾ, "ਲਿਖਿਆ ਹੈ, 'ਤੂੰ ਕੇਵਲ ਪ੍ਰਭੂ ਆਪਣੇ ਪਰਮੇਸ਼ੁਰ ਦੀ ਹੀ ਉਪਾਸਨਾ ਕਰ, ਉਸੇ ਦੀ ਹੀ ਸੇਵਾ ਕਰ।' ਮੇਰੇ ਤੋਂ ਦੂਰ ਚਲਿਆ ਜਾ, ਸ਼ੈਤਾਨ।"

ਕਿਉਂ? ਯਿਸੂ ਜਾਣਦਾ ਸੀ ਕਿ ਉਹ ਇਸ ਮਹਾਨ ਹਜ਼ਾਰ ਸਾਲ ਦੇ ਰਾਜ ਵਿੱਚ ਉਹਨਾਂ ਦਾ ਵਾਰਸ ਬਣ ਜਾਵੇਗਾ, ਜਦੋਂ ਉਸਦਾ ਰਾਜ ਆਵੇਗਾ। "ਤੇਰੀ ਮਰਜ਼ੀ ਧਰਤੀ ਉੱਤੇ ਪੂਰੀ ਹੋਵੇ ਜਿਵੇਂ ਸਵਰਗ ਵਿੱਚ ਹੁੰਦੀ ਹੈ।" ਉੱਥੇ ਕੋਈ ਨਿੱਕਰਾਂ ਨਹੀਂ ਪਹਿਨੇਗਾ। ਕੋਈ ਸ਼ਰਾਬ ਨਹੀਂ ਪੀਵੇਗਾ। ਕੋਈ ਵਾਸਨਾ ਨਹੀਂ ਹੋਵੇਗੀ। ਉੱਥੇ ਕੋਈ ਵਿਭਚਾਰ ਨਹੀਂ ਹੋਵੇਗਾ। ਉੱਥੇ ਕੋਈ ਮੌਤ ਨਹੀਂ ਹੋਵੇਗੀ। ਉੱਥੇ ਕੋਈ ਦੁੱਖ ਨਹੀਂ ਹੋਵੇਗਾ। ਉਹ ਹਰ ਕੌਮ ਦਾ ਵਾਰਸ ਬਣ ਜਾਂਦਾ ਹੈ। ਉਹ ਉਸ ਦੇ ਹਨ। ਇਹ ਠੀਕ ਹੈ। ਉਹ ਉਸ ਦੇ ਹਨ, ਅਤੇ ਉਹ ਵਾਰਸ ਬਣ ਜਾਵੇਗਾ। ਪਰ ਸ਼ੈਤਾਨ ਕੋਲ ਉਹ ਕੁਝ ਸਮੇਂ ਲਈ ਹਨ, ਜੋ ਕਿ ਅੱਜ ਹੈ, ਜਿਸ ਵਿੱਚ ਅਸੀਂ ਜੀ ਰਹੇ ਹਾਂ।

113 "ਪਰ ਉਸਨੇ ਇੱਕ ਦਿਨ ਨੂੰ ਸੀਮਿਤ ਕਰਦਿਆਂ, ਕਿਹਾ, 'ਅੱਜ, ਐਨੇ ਚਿਰ ਮਗਰੋਂ।' ਅਤੇ ਕਿਹਾ, 'ਆਪਣੇ ਦਿਲਾਂ ਨੂੰ ਕਠੋਰ ਨਾ ਕਰੋ।'"

*ਜੇ ਯਹੋਸ਼ੁਆ ਨੇ ਉਨ੍ਹਾਂ ਨੂੰ ਅਰਾਮ ਦਿੱਤਾ ਹੁੰਦਾ ਤਾਂ,...ਪਰਮੇਸ਼ੁਰ ਉਹ ਦੇ ਮਗਰੋਂ ਕਿਸੇ ਹੋਰ ਦਿਨ ਦੀ ਗੱਲ ਨਾ ਕਰਦਾ।*

114 ਮੇਰੇ ਐਡਵੈਂਟਿਸਟ ਭਾਈ, ਇਸ ਨੂੰ ਦੇਖੋ। ਪੌਲੁਸ ਨੇ ਇੱਥੇ, ਕਿਹਾ। ਅਤੇ ਪੌਲੁਸ ਨੇ ਕਿਹਾ, ਗਲਾਤੀਆਂ 1:8 ਵਿੱਚ, ਜੇ ਤੁਸੀਂ ਲਿੱਖਤਾਂ ਨੂੰ ਨੋਟ ਕਰ ਰਹੇ ਹੋ, ਗਲਾਤੀਆਂ 1:8, "ਪਰ ਜੇਕਰ ਅਸੀਂ ਵੀ ਯਾ ਸੁਰਗ ਤੋਂ ਕੋਈ ਦੂਤ ਉਸ ਖੁਸ਼ ਖਬਰੀ ਤੋਂ ਬਿਨਾ ਜਿਹੜੀ ਅਸਾਂ ਤੁਹਾਨੂੰ ਸੁਣਾਈ ਸੀ ਕੋਈ ਹੋਰ ਖੁਸ਼ ਖਬਰੀ ਤੁਹਾਨੂੰ ਸੁਣਾਵੇ, ਤਾਂ ਉਹ ਸਰਾਪਤ ਹੋਵੇ।" ਪੌਲੁਸ ਨੇ ਕਿਹਾ, "ਜੇ ਯਿਸੂ ਨੇ ਉਨ੍ਹਾਂ ਨੂੰ ਅਰਾਮ ਦਾ ਦਿਨ ਦਿੱਤਾ ਹੁੰਦਾ..."

115 ਦੇਖੋ, ਜਦੋਂ ਉਹ ਪਹਾੜ ਤੋਂ ਆਉਂਦਾ ਹੈ। ਉਹ ਜਦ ਹੇਠਾਂ ਆਇਆ। ਉਸਨੇ ਸ਼ੈਤਾਨ ਨੂੰ ਜਿੱਤ ਲਿਆ ਸੀ। ਉਹ ਮਸਹ ਕੀਤਾ ਹੋਇਆ ਸੀ, ਆਪਣੀ ਸੇਵਕਾਈ ਲਈ ਤਿਆਰ ਸੀ। ਉਸ ਨੇ ਕਿਹਾ, "ਤੁਸੀਂ ਉਨ੍ਹਾਂ ਨੂੰ ਇਹ ਕਹਿੰਦੇ ਸੁਣਿਆ ਹੈ, ਪੁਰਾਣੇ ਸਮਿਆਂ ਵਿੱਚ, 'ਤੂੰ ਕਤਲ ਨਾ ਕਰ,' ਪਰ ਮੈਂ ਤੁਹਾਨੂੰ ਦੱਸਦਾ ਹਾਂ ਕਿ ਜੋ ਕੋਈ ਆਪਣੇ ਭਰਾ ਨਾਲ ਗੁੱਸੇ ਹੈ, ਬਿਨਾਂ ਕਾਰਨ ਦੇ, ਉਹ

ਪਹਿਲਾਂ ਹੀ ਕਤਲ ਕਰ ਚੁੱਕਿਆ। ਤੁਸੀਂ ਉਨ੍ਹਾਂ ਨੂੰ ਇਹ ਕਹਿੰਦੇ ਸੁਣਿਆ ਹੈ, ਪੁਰਾਣੇ ਸਮਿਆਂ ਵਿੱਚ," ਇਸ ਦਿਨ, ਸਬਤ-ਰੱਖਣ ਵਾਲੇ। "ਤੁਸੀਂ ਉਨ੍ਹਾਂ ਨੂੰ ਇਹ ਕਹਿੰਦੇ ਸੁਣਿਆ ਹੈ, ਪੁਰਾਣੇ ਸਮਿਆਂ ਵਿੱਚ, ਸ਼ਰਾ ਦੇ ਅਧੀਨ, 'ਤੂੰ ਵਿਭਚਾਰ ਨਾ ਕਰ।'" ਦੋਸ਼ੀ ਹੋਣ ਲਈ, ਕੁਝ ਕਰਨਾ ਹੁੰਦਾ ਸੀ। "ਪਰ ਮੈਂ ਤੁਹਾਨੂੰ ਆਖਦਾ ਹਾਂ, ਜੋ ਕੋਈ ਕਿਸੇ ਔਰਤ ਵੱਲ ਬੁਰੀ ਇੱਛਾ ਨਾਲ ਦੇਖਦਾ ਹੈ ਸੋ ਤੱਦ ਹੀ ਆਪਣੇ ਮਨੋਂ ਉਹ ਦੇ ਨਾਲ ਜਨਾਹ ਕਰ ਚੁੱਕਿਆ।" ਵੱਖਰਾ! ਉਸ ਚੌਥੇ ਹੁਕਮ ਦੇ ਠੀਕ ਕੋਲੋਂ ਦੀ ਲੰਘ ਗਿਆ। ਪਰ ਕੀ ਉਸ ਨੇ ਉਨ੍ਹਾਂ ਨੂੰ ਅਰਾਮ ਦਿੱਤਾ?

116 ਆਓ ਦੇਖੀਏ ਕਿ ਉਸਨੇ ਕੀ ਕਿਹਾ। "ਦਾਊਦ ਨੇ ਕਿਹਾ, 'ਐਨੇ ਚਿਰ ਮਗਰੋਂ, ਇੱਕ ਸੰਪੂਰਨ ਅਰਾਮ ਹੋਵੇਗਾ।'" ਪਰਮੇਸ਼ੁਰ ਨੇ ਸੱਤਵੇਂ ਦਿਨ, ਆਪਣੇ ਕੰਮਾਂ ਤੋਂ ਅਰਾਮ ਕੀਤਾ। ਪਰਮੇਸ਼ੁਰ ਨੇ ਸਬਤ ਦੇ ਦਿਨ ਨੂੰ ਅਸੀਸ ਦਿੱਤੀ, ਅਤੇ ਇਸ ਨੂੰ ਉਜਾੜ ਵਿੱਚ ਯਹੂਦੀਆਂ ਨੂੰ ਦੇ ਦਿੱਤਾ, ਇਸ ਅਨੁਸਾਰ। ਉਹ ਦਾਖਲ ਹੋਏ...ਅਵਿਸ਼ਵਾਸ ਦੇ ਕਾਰਨ, ਕਿਉਂਕਿ ਵਚਨ ਨਿਹਚਾ ਨਾਲ ਨਹੀਂ ਰਲਿਆ। "ਅਤੇ ਫੇਰ, ਉਸਨੇ ਇੱਕ ਨਿਸ਼ਚਿਤ ਦਿਨ ਨੂੰ ਸੀਮਿਤ ਕੀਤਾ, ਦਾਊਦ ਦੀ ਜਬਾਨੀ ਕਿਹਾ, 'ਐਨੇ ਚਿਰ ਮਗਰੋਂ।'"

ਦਾਊਦ ਦੇ ਮਰਨ ਤੋਂ ਸੈਂਕੜੇ ਸਾਲਾਂ ਬਾਅਦ, ਦਾਊਦ ਦਾ ਪੁੱਤਰ ਜੀ ਉੱਠੇਗਾ, ਜੋ ਯਿਸੂ ਹੈ, "ਅੱਜ ਜੇ ਤੁਸੀਂ ਉਹ ਦੀ ਅਵਾਜ਼ ਸੁਣੋ, ਤਾਂ ਆਪਣੇ ਦਿਲਾਂ ਨੂੰ ਕਠੋਰ ਨਾ ਕਰੋ।" ਪਰਮੇਸ਼ੁਰ ਦਿਲਾਂ ਨਾਲ ਗੱਲ ਕਰਨ ਵਾਲਾ ਹੈ।

117 ਹੁਣ ਦੇਖੋ, ਹੁਣੇ 9ਵੀਂ ਆਇਤ ਲਈ, ਜੋ ਤੁਸੀਂ ਪੜ੍ਹ ਰਹੇ ਹੋ। "ਜੇ ਯਹੋਸ਼ੁਆ ਨੇ ਉਨ੍ਹਾਂ ਨੂੰ ਅਰਾਮ ਦਿੱਤਾ ਹੁੰਦਾ," 8ਵੀਂ ਆਇਤ, "ਉਹ ਕਰਦਾ...ਕਿਸੇ ਹੋਰ ਦਿਨ ਦੀ ਗੱਲ ਨਾ ਕਰਦਾ।"

118 ਜੇ ਸਬਤ ਦਾ ਦਿਨ ਰੱਖਣਾ ਸੀ, ਜੇ ਐਤਵਾਰ ਦਾ ਦਿਨ ਰੱਖਿਆ ਜਾਣਾ ਸੀ, ਤਾਂ ਉਸਨੇ ਇਸ ਬਾਰੇ ਗੱਲ ਕੀਤੀ ਹੁੰਦੀ। ਜੇ ਉਸਨੇ ਕਿਹਾ ਹੁੰਦਾ, "ਹੁਣ ਕੋਈ ਸਬਤ ਨਹੀਂ ਰੱਖਿਆ ਜਾਵੇਗਾ, ਨਾ ਕੋਈ ਸੱਤਵਾਂ ਦਿਨ, ਮੈਂ ਚਾਹੁੰਦਾ ਹਾਂ ਕਿ ਤੁਸੀਂ ਐਤਵਾਰ ਨੂੰ ਰੱਖੋ," ਤਾਂ ਉਸਨੇ ਇਹ ਕਹਿ ਦਿੱਤਾ ਹੁੰਦਾ। ਪੌਲੁਸ ਨੇ ਕਿਹਾ ਕਿ ਉਸਨੇ ਕੀਤਾ। ਉਸਨੇ ਕਿਹਾ ਹੁੰਦਾ, "ਤੁਸੀਂ ਸਾਰੇ ਐਤਵਾਰ ਨੂੰ ਉਪਾਸਨਾ ਕਰੋ। ਇਹ ਅਰਾਮ ਹੋਵੇਗਾ।" ਖੈਰ, ਜੇ ਉਹ ਚਾਹੁੰਦਾ ਸੀ ਕਿ ਉਹ ਸਬਤ ਦਾ ਦਿਨ ਰੱਖਣ, ਤਾਂ ਉਸਨੇ ਕਿਹਾ ਹੁੰਦਾ, "ਬਸ ਸੱਤਵੇਂ ਦਿਨ ਨੂੰ ਹੀ ਰੱਖਣਾ। ਪਰ ਹੁਣ ਮੈਂ ਚਾਹੁੰਦਾ ਹਾਂ ਕਿ ਤੁਸੀਂ ਐਤਵਾਰ, ਅੱਠਵਾਂ ਦਿਨ ਰੱਖੋ।" ਨਹੀਂ। ਉਸ ਨੇ ਇਹ ਕਦੇ ਨਹੀਂ ਕਿਹਾ।

119 ਉਸ ਨੇ ਕਿਹਾ, "ਜੇ ਯਿਸੂ ਨੇ ਉਨ੍ਹਾਂ ਨੂੰ ਇੱਕ ਦਿਨ ਦਿੱਤਾ ਹੁੰਦਾ, ਤਾਂ ਕੀ ਉਹ ਇਸ ਬਾਰੇ ਗੱਲ ਨਾ ਕਰਦਾ?"

120 ਹੁਣ 9ਵੀਂ ਆਇਤ। ਤਿਆਰ ਹੋ ਜਾਉ।

> *ਪਰਮੇਸ਼ੁਰ ਦੀ ਪਰਜਾ ਲਈ ਅਰਾਮ ਅਜੇ ਬਾਕੀ ਰਹਿੰਦਾ ਹੈ, ਪਰਮੇਸ਼ੁਰ ਦੇ ਲੋਕਾਂ ਲਈ* ਸਬਤ-ਰੱਖਣਾ।
>
> *ਕਿਉਂਕਿ ਜਿਹੜਾ ਉਹ ਦੇ* (ਮਸੀਹ ਦੇ) *ਅਰਾਮ ਵਿੱਚ ਵੜ ਗਿਆ, ਉਹ ਨੇ ਵੀ ਆਪ ਆਪਣਿਆਂ ਕੰਮਾਂ ਤੋਂ ਵਿਹਲਿਆਂ ਹੋ ਕੇ ਅਰਾਮ ਕੀਤਾ, ਜਿਵੇਂ ਪਰਮੇਸ਼ੁਰ ਨੇ ਆਪਣਿਆਂ ਕੰਮਾਂ ਤੋਂ ਕੀਤਾ ਸੀ, ਉਸ* ਦੇ ਸਬਤ ਵਿੱਚ।

121 ਇਸ ਨੂੰ ਸਮਝੇ? ਆਉ ਹੁਣ ਲਿੱਖਤਾਂ ਲੈਂਦੇ ਹਾਂ ਅਤੇ ਇਸਦਾ ਸਮਰਥਨ ਕਰਦੇ ਹਾਂ। ਠੀਕ ਹੈ। ਜਦੋਂ ਪਰਮੇਸ਼ੁਰ ਨੇ ਸੰਸਾਰ ਨੂੰ ਛੇ ਦਿਨਾਂ ਵਿੱਚ ਬਣਾਇਆ, ਉਸਨੇ ਸੱਤਵੇਂ ਦਿਨ ਅਰਾਮ ਕੀਤਾ, ਅਤੇ ਫੇਰ ਕਦੇ ਵੀ ਕੰਮ ਨਹੀਂ ਕੀਤਾ। ਪਰਮੇਸ਼ੁਰ ਦਾ ਨਾਮ ਮੁਬਾਰਕ ਹੋਵੇ। ਉਸ ਨੇ ਸੰਸਾਰ ਨੂੰ ਬਣਾਇਆ, ਇਸ ਉੱਤੇ ਸ੍ਰਿਸ਼ਟੀ ਰੱਖੀ, ਅਤੇ ਅਰਾਮ ਕਰਨ ਲਈ ਚਲਾ ਗਿਆ; ਅਤੇ ਕਿਸੇ ਹੋਰ ਸੰਸਾਰ ਨੂੰ ਬਣਾਉਣ ਲਈ, ਦੁਬਾਰਾ ਕਦੇ ਵਾਪਸ ਨਹੀਂ ਆਇਆ। ਉਸਨੇ ਕੰਮ ਪੂਰਾ ਕੀਤਾ, ਅਤੇ ਅਰਾਮ ਕਰਨ ਲਈ ਚਲਾ ਗਿਆ। ਹੁਣ, ਤੇ…ਫਿਰ, ਉਸ ਹਜ਼ਾਰ ਸਾਲ ਬਾਅਦ, ਫਿਰ ਪਾਪ ਅੰਦਰ ਆਇਆ; ਫਿਰ ਮਸੀਹ ਦੀ ਨੁਮਾਇੰਦਗੀ ਕੀਤੀ ਗਈ ਸੀ, ਲੇਲੇ ਨੂੰ ਦਰਸਾਇਆ ਗਿਆ ਸੀ। ਹੁਣ, ਯਹੂਦੀਆਂ ਨੂੰ ਇਹ ਇੱਕ ਸੱਤਵੇਂ ਦਿਨ ਦੇ ਅਰਾਮ ਦੇ ਨਮੂਨੇ ਵਜੋਂ ਦਿੱਤਾ ਗਿਆ ਸੀ।

> ਹੁਣ, *ਉਸਨੇ* ਇੱਕ ਹੋਰ *ਦਿਨ* ਸੀਮਿਤ ਕੀਤਾ, *ਦਾਊਦ ਦੀ ਜਬਾਨੀ ਕਿਹਾ,…ਐਨੇ ਚਿਰ ਮਗਰੋਂ, ਇੱਕ ਹੋਰ ਅਰਾਮ* ਆ ਰਿਹਾ ਹੈ।

122 ਹੁਣ ਉਹ ਅਰਾਮ ਕੀ ਹੈ? ਮੇਰੇ ਨਾਲ ਮਤੀ, 11ਵੇਂ ਅਧਿਆਏ, ਅਤੇ ਸੰਤ ਮਤੀ ਦੇ 11ਵੇਂ ਅਧਿਆਇ ਦੇ ਆਖਰੀ ਹਿੱਸੇ ਵੱਲ ਮੁੜੋ। ਇਹ ਉਦੋਂ ਹੈ ਜਦੋਂ ਯਿਸੂ ਨੇ ਪਹਾੜ ਉੱਤੇ ਆਪਣਾ ਉਪਦੇਸ਼ ਸਮਾਪਤ ਕੀਤਾ, ਅਤੇ ਤੁਸੀਂ ਦੇਖੋਗੇ ਕਿ ਉਸਨੇ ਕੀ ਕਿਹਾ ਸੀ।

123 ਉਸ ਨੇ ਕਿਹਾ, "ਜੋ ਕੋਈ ਇਸਤਰੀ ਵੱਲ ਵੇਖਦਾ ਹੈ, ਉਸ ਦੇ ਲਈ ਬੁਰੀ ਇੱਛਾ ਨਾਲ, ਉਸ ਦੇ ਦਿਲ ਵਿੱਚ ਪਹਿਲਾਂ ਹੀ ਉਸ ਨਾਲ ਵਿਭਚਾਰ ਕਰ ਚੁੱਕਾ ਹੈ। ਜਿਸ ਨੇ ਆਪਣੇ ਭਰਾ ਨਾਲ ਕ੍ਰੋਧ ਕੀਤਾ, ਬਿਨਾਂ ਕਾਰਨ, ਉਸ ਨੇ ਭਰਾ ਨੂੰ ਮਾਰ ਦਿੱਤਾ।" ਇਹ ਸਾਰੀਆਂ ਚੀਜ਼ਾਂ, ਅਤੇ ਉਸਨੇ ਕਦੇ ਵੀ ਉਸ ਚੌਥੇ ਹੁਕਮ, ਉਸ ਸਬਤ ਨੂੰ ਨਹੀਂ ਛੂਹਿਆ।

124 ਹੁਣ ਉਹ ਖਤਮ ਹੋ ਰਿਹਾ ਹੈ। ਅਤੇ ਸਬਤ ਪਰਮੇਸ਼ੁਰ ਦਾ ਮਹਾਨ ਵਾਅਦਾ ਹੈ। ਇਹ ਇੱਕ ਅਰਾਮ ਹੈ। ਹੁਣ, ਹੁਣ ਇੱਥੇ ਵੇਖੋ, ਜਦੋਂ ਉਹ ਪਹਾੜੀ ਸੰਦੇਸ਼ ਨੂੰ ਖਤਮ ਕਰ ਚੁੱਕਾ ਸੀ। ਇੱਥੇ ਉਹ ਕਹਿੰਦਾ ਹੈ, ਸੰਤ ਮਤੀ ਦੇ 11ਵੇਂ ਅਧਿਆਇ ਦੀ 27ਵੀਂ ਆਇਤ। ਜਿੱਥੇ, ਉਹ 5ਵੇਂ ਅਧਿਆਏ ਵਿੱਚ ਪਹਾੜ ਤੇ ਸੰਦੇਸ਼ ਦੇ ਰਿਹਾ ਸੀ।

*ਸਭ ਕੁਝ ਮੇਰੇ ਪਿਤਾ ਨੇ ਮੇਰੇ ਹੱਥ ਵਿੱਚ ਸੌਂਪਿਆ ਹੋਇਆ ਹੈ: ਅਤੇ ਪੁੱਤ੍ਰ ਨੂੰ ਕੋਈ ਨਹੀਂ ਜਾਣਦਾ, ਪਰ ਪਿਤਾ;...*

ਦੇਖੋ, ਤੁਸੀਂ ਇੱਕ ਨੂੰ ਜਾਣੇ ਬਿਨਾਂ ਦੂਜੇ ਨੂੰ ਨਹੀਂ ਜਾਣ ਸਕਦੇ, ਕਿਉਂਕਿ ਉਹ ਸਰੀਰ ਵਿੱਚ ਪ੍ਰਗਟ ਪਿਤਾ ਸੀ।

*...ਨਾ ਕੋਈ ਪਿਤਾ ਨੂੰ ਜਾਣਦਾ ਹੈ, ਪਰ ਪੁੱਤ੍ਰ,...*

125 ਅਜਿਹਾ ਲਗਦਾ ਹੈ ਕਿ ਲੋਕ ਇਸ ਨੂੰ ਸਮਝ ਸਕਦੇ ਸਨ ਅਤੇ ਬਹਿਸ ਨਹੀਂ ਕਰ ਸਕਦੇ ਸਨ। ਯਕੀਨਨ। ਪਰਮੇਸ਼ੁਰ ਤਿੰਨ ਲੋਕ ਨਹੀਂ ਹੈ। ਜੇ ਉਹ ਤਿੰਨ ਪਰਮੇਸ਼ੁਰ ਹਨ, ਤਾਂ ਅਸੀਂ ਗ਼ੈਰ-ਯਹੂਦੀ ਹਾਂ। ਉਹਨਾਂ ਵਿੱਚੋਂ ਪਰਮੇਸ਼ੁਰ ਕਿਹੜਾ ਹੈ? ਉਹ, ਤਿੰਨੋਂ, ਇੱਕ ਪਰਮੇਸ਼ੁਰ ਹਨ, ਇੱਕੋ ਪਰਮੇਸ਼ੁਰ ਦੇ ਤਿੰਨ ਦਫ਼ਤਰ ਹਨ। ਉਹ ਪਿਤਾ ਸੀ, ਪਵਿੱਤਰ ਆਤਮਾ ਦੇ ਰੂਪ ਵਿੱਚ, ਉਜਾੜ ਵਿੱਚ ਅੱਗ ਦੇ ਉਸ ਥੰਮ੍ਹ ਵਿੱਚ। ਉਹ ਪੁੱਤਰ ਸੀ, ਜਦੋਂ ਉਸਨੇ ਪੁੱਤ੍ਰ ਦੇ ਦਫਤਰ ਦੀ ਵਰਤੋਂ ਕੀਤੀ ਸੀ। "ਥੋੜੀ ਦੇਰ ਬਾਅਦ ਸੰਸਾਰ ਮੈਨੂੰ ਹੋਰ ਨਹੀਂ ਦੇਖੇਗਾ; ਮੈਂ ਚਲਾ ਜਾਵਾਂਗਾ। ਮੈਂ ਦੁਬਾਰਾ ਆਵਾਂਗਾ ਅਤੇ ਤੁਹਾਡੇ ਨਾਲ ਹੋਵਾਂਗਾ, ਇੱਥੋਂ ਤੱਕ ਕਿ ਤੁਹਾਡੇ ਵਿੱਚ, ਸੰਸਾਰ ਦੇ ਅੰਤ ਤੱਕ।" ਸਮਝੇ? ਉਹ ਪਿਤਾ, ਪੁੱਤ੍ਰ, ਅਤੇ ਪਵਿੱਤਰ ਆਤਮਾ, ਵੀ ਹੈ। ਇਹ ਤਿੰਨ ਵੱਖ-ਵੱਖ ਦਫਤਰਾਂ ਵਿੱਚ ਕੰਮ ਕਰਨ ਵਾਲਾ ਇੱਕੋ ਹੀ ਪਰਮੇਸ਼ੁਰ ਹੈ: ਪਿਤਾ, ਪੁੱਤਰ, ਪਵਿੱਤਰ ਆਤਮਾ। ਕਦੇ ਨਹੀਂ...

ਪਹਿਲਾ ਯੂਹੰਨਾ 5:7 ਕਹਿੰਦਾ ਹੈ, "ਇੱਥੇ ਤਿੰਨ ਹਨ ਜੋ ਸਵਰਗ ਵਿੱਚ ਗਵਾਹੀ ਦਿੰਦੇ ਹਨ: ਪਿਤਾ, ਪੁੱਤਰ, ਪਵਿੱਤਰ ਆਤਮਾ। ਇਹ ਤਿੰਨੇ ਇੱਕ ਹਨ।"

126 ਥੋਮਾ ਨੇ ਉਸ ਨੂੰ ਕਿਹਾ, "ਹੇ ਪ੍ਰਭੂ, ਸਾਨੂੰ ਪਿਤਾ ਦੇ ਦਰਸ਼ਨ ਕਰਾ।" ਇਸ ਨਾਲ ਉਸ ਨੂੰ ਸੰਤੁਸ਼ਟੀ ਮਿਲੂ।

127 ਉਸ ਨੇ ਕਿਹਾ, "ਮੈਂ ਐਨੇ ਚਿਰ ਤੋਂ ਤੁਹਾਡੇ ਨਾਲ ਰਿਹਾ, ਅਤੇ ਤੁਸੀਂ ਮੈਨੂੰ ਨਹੀਂ ਜਾਣਦੇ?" ਕਿਹਾ, "ਜਦੋਂ ਤੁਸੀਂ ਮੈਨੂੰ ਦੇਖਿਆ, ਤੁਸੀਂ ਪਿਤਾ ਨੂੰ ਦੇਖਿਆ। ਅਤੇ ਕਿਉਂ ਕਹਿੰਦਾ ਹੈਂ, 'ਸਾਨੂੰ ਪਿਤਾ ਦੇ ਦਰਸ਼ਨ ਕਰਾ'?"

128 ਹੁਣ, ਵਨਨੈਸ ਨੇ ਇਸ ਨੂੰ ਲਿਆ, ਵਨਨੈਸ ਵਾਲੇ ਲੋਕਾਂ ਦਾ ਸਮੂਹ, ਅਤੇ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਨੂੰ, ਸਿਰਫ਼ ਇੱਕ ਦਫ਼ਤਰ ਅਤੇ ਇੱਕ ਅਹੁਦਾ ਬਣਾਉਣ ਦੀ ਕੋਸ਼ਿਸ ਕਰਦੇ ਹਨ, ਅਤੇ ਤੁਹਾਡੀ ਉਂਗਲ ਵਾਂਗ, ਇੱਕ। ਇਹ ਗਲਤ ਹੈ। ਪਰਮੇਸ਼ੁਰ ਨਾ ਕਰ ਸਕਿਆ...ਯਿਸੂ ਆਪਣਾ ਪਿਤਾ ਨਹੀਂ ਬਣ ਸਕਦਾ ਸੀ। ਜੇ ਉਹ ਸੀ, ਤਾਂ ਉਹ ਇੱਕ...ਅੱਛਾ, ਉਹ ਆਪਣਾ ਪਿਤਾ ਕਿਵੇਂ ਹੋ ਸਕਦਾ ਸੀ?

129 ਅਤੇ ਜੇਕਰ ਪਰਮੇਸ਼ੁਰ ਇੱਕ ਮਨੁੱਖ ਹੈ, ਪਵਿੱਤਰ ਆਤਮਾ ਤੋਂ ਵੱਖ ਹੋਇਆ ਹੈ, ਤਾਂ ਉਸਦੇ ਦੋ ਪਿਤਾ ਸਨ। ਕਿਉਂਕਿ ਬਾਈਬਲ ਨੇ ਕਿਹਾ ਹੈ, ਕਿ, "ਪਵਿੱਤਰ ਆਤਮਾ ਨੇ ਮਰਿਯਮ ਤੇ ਛਾਇਆ ਕੀਤਾ ਅਤੇ ਉਹ ਗਰਭਵਤੀ ਹੋਈ।" ਅਤੇ ਬਾਈਬਲ ਨੇ ਕਿਹਾ, ਮੱਤੀ 1:18 ਵਿੱਚ, ਕਿ, "ਉਹ ਚੀਜ਼ ਜੋ ਉਸ ਦੇ ਗਰਭ ਵਿੱਚ ਹੈ ਉਹ ਪਵਿੱਤਰ ਆਤਮਾ ਤੋਂ ਹੈ।" ਫਿਰ ਉਸਦਾ ਪਿਤਾ ਕੌਣ ਹੈ, ਪਵਿੱਤਰ ਆਤਮਾ ਜਾਂ ਪਰਮੇਸ਼ੁਰ? ਦੋਵੇਂ, ਇੱਕੋ ਆਤਮਾ, ਜਾਂ ਉਸਦਾ ਦੋ ਆਤਮਾਵਾਂ ਦੁਆਰਾ ਨਾਜਾਇਜ਼ ਜਨਮ ਹੋਇਆ ਸੀ।

ਇਹ ਇੱਕ ਕੈਥੋਲਿਕ ਸਿਧਾਂਤ ਹੈ, ਅਤੇ ਇਹ ਕਦੇ ਵੀ ਬਾਈਬਲ ਦੀ ਸਿੱਖਿਆ ਨਹੀਂ ਸੀ। ਮਾਰਟਿਨ ਲੂਥਰ ਨੇ ਇਸਨੂੰ ਬਾਹਰ ਲਿਆਂਦਾ, ਹੋਰ ਬਹੁਤ ਸਾਰੇ ਕੈਥੋਲਿਕ ਧਰਮ ਦੇ ਨਾਲ ਜੋ ਲੂਥਰਨ ਕਲੀਸਿਯਾ ਵਿੱਚ ਹੈ। ਵੈਜਲੀ ਨੇ ਵੀ ਇਸੇ ਚੀਜ ਦਾ ਸਮਰਥਨ ਕੀਤਾ। ਅਤੇ ਇਹ ਅਜੇ ਵੀ ਚੱਲ ਰਿਹਾ ਹੈ, ਪਰ ਇਹ ਇੱਕ ਗਲਤੀ ਹੈ। ਇਹ ਸੱਚ ਨਹੀਂ ਹੈ। ਇਹ ਕਦੇ ਨਹੀਂ ਸੀ, ਕਦੇ ਵੀ ਇਹ ਬਾਈਬਲ ਦਾ ਸਿਧਾਂਤ ਨਹੀਂ ਸੀ। ਬਾਈਬਲ ਵਿਚ ਇਹ ਕਦੇ ਵੀ ਹੁਕਮ ਨਹੀਂ ਸੀ, ਤਿੰਨ ਪਰਮੇਸ਼ਵਰਾਂ ਬਾਰੇ ਸਿਖਾਉਣਾ।

ਇੱਕੋ ਪਰਮੇਸ਼ੁਰ ਹੈ। ਯਿਸੂ ਨੇ ਕਿਹਾ, "ਸੁਣੋ, ਹੇ ਇਸਰਾਏਲ, ਮੈਂ ਯਹੋਵਾਹ ਤੇਰਾ ਪਰਮੇਸ਼ੁਰ, ਇੱਕ ਪਰਮੇਸ਼ੁਰ ਹਾਂ," ਤਿੰਨ ਪਰਮੇਸ਼ੁਰ ਨਹੀਂ।

130 ਅਫ਼ਰੀਕਾ ਵਿੱਚ, ਉਹ ਇੱਕ ਵਾਰ ਪਿਤਾ ਲਈ, ਇੱਕ ਵਾਰ ਪੁੱਤਰ ਲਈ, ਅਤੇ ਇੱਕ ਵਾਰ ਪਵਿੱਤਰ ਆਤਮਾ ਲਈ ਬਪਤਿਸਮਾ ਦਿੰਦੇ ਹਨ। ਅਤੇ ਫਿਰ ਵਿਚਾਰਾ ਯਹੂਦੀ ਆਉਂਦਾ ਹੈ, ਕਹਿੰਦਾ ਹੈ, "ਉਨ੍ਹਾਂ ਵਿੱਚੋਂ ਤੁਹਾਡਾ ਪਰਮੇਸ਼ੁਰ ਕਿਹੜਾ ਹੈ? ਕਿਹੜਾ ਹੈ, ਪਿਤਾ, ਪੁੱਤਰ, ਜਾਂ ਪਵਿੱਤਰ ਆਤਮਾ?" ਉਹ, ਤਿੰਨੋਂ, ਇੱਕ ਹਨ। ਬਾਈਬਲ ਕਹਿੰਦੀ ਹੈ ਕਿ ਉਹ ਇੱਕ ਸਨ।

131 ਯਿਸੂ ਇੱਕ ਘਰ ਸੀ ਜਿਸ ਵਿੱਚ ਪਰਮੇਸ਼ੁਰ ਰਹਿੰਦਾ ਸੀ। ਬਾਈਬਲ ਕਹਿੰਦੀ ਹੈ ਕਿ—ਕਿ, ਪਹਿਲਾ ਤਿਮੋਥਿਉਸ 3:16, "ਬਿਨਾਂ *ਵਿਵਾਦ* ਦੇ," (ਇਹ ਹੈ, "ਦਲੀਲ") "ਭਗਤੀ ਦਾ ਭੇਤ ਵੱਡਾ ਹੈ। ਕਿਉਂਕਿ ਪਰਮੇਸ਼ੁਰ ਸਰੀਰ ਵਿੱਚ ਪ੍ਰਗਟ ਹੋਇਆ, ਦੂਤਾਂ ਦੁਆਰਾ ਦੇਖਿਆ ਗਿਆ, ਲਿਆ ਗਿਆ...ਪ੍ਰਚਾਰ

ਕੀਤਾ, ਨਿਹਚਾ ਕੀਤੀ ਗਈ, ਅਤੇ ਤੇਜ ਵਿੱਚ ਉਤਾਹਾਂ ਉਠਾ ਲਿਆ ਗਿਆ।" ਪਰਮੇਸ਼ੁਰ ਸੀ। ਬਾਈਬਲ ਕਹਿੰਦੀ ਹੈ, "ਉਸਦਾ ਨਾਮ *ਇਮੈਨੁਏਲ* ਰੱਖਿਆ ਜਾਵੇਗਾ, ਜਿਸਦਾ ਅਰਥ ਹੈ, 'ਪਰਮੇਸ਼ੁਰ ਸਾਡੇ ਨਾਲ।'" ਬਾਈਬਲ ਕਹਿੰਦੀ ਹੈ, ਕਿ, "ਯਿਸੂ, ਪਰਮੇਸ਼ੁਰਤਾਈ ਦੀ ਸਾਰੀ ਭਰਪੂਰੀ ਉਸੇ ਵਿੱਚ ਦੇਹਧਾਰੀ ਹੋ ਕੇ ਵੱਸਦੀ ਹੈ।"

132 ਜਿਵੇਂ ਅਸੀਂ ਕਿਸੇ ਰਾਤ ਗੱਲ ਕਰ ਰਹੇ ਸੀ: ਪਰਮੇਸ਼ੁਰ, ਆਦਿ ਵਿੱਚ, ਆਤਮਾ ਸੀ। ਅਤੇ ਫਿਰ, ਪਰਮੇਸ਼ੁਰ ਤੋਂ, ਲੋਗੋਸ ਬਾਹਰ ਨਿਕਲਿਆ, ਜਾਂ ਥੀਓਫਨੀ, ਜੋ ਇੱਕ ਆਦਮੀ ਦਾ ਰੂਪ ਸੀ, ਜਿਸਨੂੰ ਪਰਮੇਸ਼ੁਰ ਦਾ ਪੁੱਤਰ ਕਿਹਾ ਜਾਂਦਾ ਸੀ, ਉਸ ਦੇ ਸਰੂਪ ਤੇ। ਉਹ ਧਰਤੀ ਉੱਤੇ, ਮਾਸ ਦੇ ਸਰੀਰ ਵਿੱਚ, ਯਿਸੂ ਮਸੀਹ ਵਿੱਚ ਆਉਣ ਤੋਂ ਪਹਿਲਾਂ ਹੀ ਆਇਆ ਸੀ। ਹੁਣ ਉਸ ਨੂੰ ਇੱਕ ਵਾਰ ਨਿਗਲ ਲਓ, ਭਾਈ। ਮੈਂ ਤੁਹਾਨੂੰ ਇਹ ਸਾਬਤ ਕਰਾਂਗਾ।

133 ਜਦੋਂ—ਜਦੋਂ ਮੂਸਾ ਨੇ ਉਸਨੂੰ ਦੇਖਿਆ। ਉਸ ਨੇ ਕਿਹਾ, "ਮੈਨੂੰ ਆਪਣਾ ਸਰੂਪ ਵਿਖਾ, ਪ੍ਰਭੂ!" ਅਤੇ ਪਰਮੇਸ਼ੁਰ ਨੇ ਉਸਨੂੰ ਚੱਟਾਨ ਵਿੱਚ ਲੁਕਾ ਦਿੱਤਾ। ਅਤੇ ਜਦੋਂ ਉਹ ਲੰਘਿਆ, ਉਸਨੇ ਕਿਹਾ, "ਇਹ ਇੱਕ ਆਦਮੀ ਦਾ ਪਿਛਲਾ ਹਿੱਸਾ ਸੀ।" ਇਹ ਉਹ ਥੀਓਫਨੀ ਸੀ। ਇਹ ਬਿਲਕੁਲ ਹੈ।

ਫਿਰ, ਉਸ ਥੀਓਫਨੀ ਨੂੰ ਮਾਸ ਬਣਾਇਆ ਜਾਣਾ ਸੀ। ਮੌਤ ਦੇ ਡੰਗ ਨੂੰ ਬਾਹਰ ਕੱਢਣ ਲਈ, ਕਿਸੇ ਹੋਰ ਵਿਅਕਤੀ ਨੇ ਨਹੀਂ, ਪਰ ਉਸੇ ਵਿਅਕਤੀ ਨੇ ਦੇਹਧਾਰੀ ਹੋਣਾ ਸੀ।

ਜਿਵੇਂ ਮਧੂ ਮੱਖੀ ਡੰਗ ਮਾਰਦੀ ਹੈ, ਉਹ ਡੰਗ ਨੂੰ ਉੱਥੇ ਹੀ ਛੱਡ ਦਿੰਦੀ ਹੈ। ਅਤੇ ਉਸਨੇ ਇਸਨੂੰ ਕਦੇ ਨਹੀਂ ਛੱਡਿਆ…ਉਹ ਮਨੁੱਖੀ ਸਰੀਰ ਵਿੱਚ ਇੱਕ ਡੰਗ ਪਾ ਸਕਦਾ ਹੈ ਕਿਉਂਕਿ ਇਹ ਪਾਪ ਹੈ। ਪਰ, ਭਾਈ, ਜਦੋਂ ਉਸਨੇ ਇਮੈਨੁਅਲ ਦੇ ਮਾਸ ਨੂੰ ਡੰਗ ਮਾਰਿਆ, ਤਾਂ ਉਸਨੇ ਆਪਣਾ ਡੰਗ ਗੁਆ ਦਿੱਤਾ। ਹਾਂ, ਸ਼੍ਰੀਮਾਨ। ਉਹ ਭਿਣ ਭਿਣਾ ਸਕਦਾ ਹੈ ਪਰ ਉਸ ਕੋਲ ਹੁਣ ਕੋਈ ਡੰਗ ਨਹੀਂ ਹੈ।

134 ਕੋਈ ਹੈਰਾਨੀ ਨਹੀਂ, ਪੌਲੁਸ, ਜਦੋਂ ਉਹ ਉਸਦਾ ਸਿਰ ਵੱਢਣ ਲਈ ਜਾਂਦੇ ਹਨ, ਕਿਹਾ, "ਹੇ ਮੌਤ, ਤੇਰਾ ਡੰਗ ਕਿੱਥੇ ਹੈ? ਤੂੰ ਜਿੰਨਾ ਚਾਹੇਂ ਭਿਣਾ ਭਿਣਾ ਸਕਦੀ ਹੈਂ ਅਤੇ ਗੂੰਜ ਸਕਦੀ ਹੈਂ। ਕਬਰ, ਤੇਰੀ ਫਤਿਹ ਕਿੱਥੇ ਹੈ? ਪਰ ਪਰਮੇਸ਼ੁਰ ਦਾ ਧੰਨਵਾਦ ਹੈ ਜੋ ਸਾਨੂੰ ਯਿਸੂ ਮਸੀਹ ਰਾਹੀਂ ਜਿੱਤ ਦਿੰਦਾ ਹੈ।" ਉਥੇ ਤੁਸੀਂ ਹੋ।

ਅਜਿਹਾ ਕਰਨ ਲਈ ਪਰਮੇਸ਼ੁਰ ਨੇ ਆਪਣੇ ਆਪ ਨੂੰ ਲਿਆ। ਉਹ ਆਇਆ ਅਤੇ ਸਰੀਰ ਵਿੱਚ ਪ੍ਰਗਟ ਹੋਇਆ। ਉਹ ਆਤਮਾ ਵਿੱਚ ਵਾਪਸ ਚਲਾ ਗਿਆ।

135 ਤੁਸੀ ਕਹੋਗੇ, "ਭਾਈ ਬ੍ਰਨਹਾਮ, ਤੁਸੀਂ ਸਾਨੂੰ ਕਦੇ ਨਹੀਂ ਦੱਸਿਆ, ਫਿਰ ਵੀ, ਮਸੀਹ ਵਿੱਚ ਆਉਣ ਤੋਂ ਪਹਿਲਾਂ ਵੀ ਪਰਮੇਸ਼ੁਰ ਦੇਹਧਾਰੀ ਹੋਇਆ ਸੀ।"

ਜਦੋਂ ਅਬਰਾਹਾਮ ਆਪਣੇ ਤੰਬੂ ਦੇ ਹੇਠਾਂ ਬੈਠਾ ਹੋਇਆ ਸੀ, ਇੱਕ ਦਿਨ, ਦੋ ਦੂਤ ਅਤੇ ਪਰਮੇਸ਼ੁਰ, ਮਨੁੱਖੀ ਸਰੀਰ ਵਿੱਚ, ਉਸਦੇ ਕੋਲ ਚੱਲਦੇ ਹੋਏ ਆਏ, ਉਨ੍ਹਾਂ ਦੇ ਕੱਪੜਿਆਂ ਤੇ ਧੂੜ ਸੀ ਅਤੇ ਉਹ ਥੱਕ ਗਏ ਸਨ, ਅਤੇ ਉਹ ਹੇਠਾਂ ਬੈਠ ਗਏ। ਅਤੇ ਅਬਰਾਹਾਮ ਬਾਹਰ ਗਿਆ ਅਤੇ ਇੱਕ ਗਾਂ ਤੋਂ ਵੱਛੇ ਨੂੰ ਲੈ ਗਿਆ, ਅਤੇ ਉਸਨੂੰ ਮਾਰ ਦਿੱਤਾ। ਅਤੇ ਲੇਲੇ ਦੇ ਕੁਝ ਟੁਕੜੇ ਕੀਤੇ। ਬਾਹਰ ਗਿਆ ਅਤੇ ਲਿਆ…ਸਾਰਾਹ ਨੇ ਮੱਕੀ ਦਾ ਆਟਾ ਲੈ ਕੇ ਉਸ ਨੂੰ ਛਾਣਿਆ, ਅਤੇ ਕੁਝ ਕੁ ਪਕਵਾਨ ਬਣਾਏ। ਅਤੇ ਗਾਂ ਤੋਂ ਕੁਝ ਮੱਖਣ ਲਿਆ, ਅਤੇ ਕੁਝ ਲੱਸੀ ਲਈ। ਅਤੇ ਇਸ ਨੂੰ ਉੱਥੇ ਬਾਹਰ ਲੈ ਗਿਆ ਅਤੇ ਇਸ ਨੂੰ ਰੱਖ ਦਿੱਤਾ, ਅਤੇ ਪਰਮੇਸ਼ੁਰ ਨੇ ਇਸਨੂੰ ਖਾਧਾ।

136 ਹਲਲੂਯਾਹ! ਇਹੀ ਕਾਰਨ ਹੈ, "ਮੇਰਾ ਵਿਸ਼ਵਾਸ ਤੇਰੇ ਵੱਲ ਵੇਖਦਾ ਹੈ, ਕਲਵਰੀ ਦੇ ਲੇਲੇ।"

137 ਕੀ ਤੁਸੀਂ ਸੋਚਦੇ ਹੋ ਕਿ ਇਹ ਪਰਮੇਸ਼ੁਰ ਲਈ ਵੱਡੀ ਗੱਲ ਹੈ? ਪਰਮੇਸ਼ੁਰ, ਜਿਸਨੇ ਸਾਰੇ ਪੋਟਾਸ਼ ਅਤੇ ਕੈਲਸ਼ੀਅਮ, ਅਤੇ ਸੰਸਾਰ ਦੀ ਹਰ ਚੀਜ਼ ਬਣਾਈ, ਉਹ ਅਬਰਾਹਾਮ ਨੂੰ ਮਿਲਣ ਲਈ ਹੇਠਾਂ ਆਇਆ। ਉਸ ਨੇ ਕਿਹਾ, "ਕੀ ਤੂੰ ਸੋਚਦਾ ਹੈਂ ਕਿ ਮੈਂ ਇਸਨੂੰ ਤੇਰੇ ਤੋਂ ਲੁਕਾਵਾਂਗਾ, ਇਹ ਜਾਣਦੇ ਹੋਏ ਕਿ ਤੂੰ ਇਸ ਦੁਨੀਆਂ ਦਾ ਵਾਰਸ ਹੈਂ?" ਆਮੀਨ। "ਮੈਂ ਇਸਨੂੰ ਤੇਰੇ ਤੋਂ ਨਹੀਂ ਲੁਕਾਵਾਂਗਾ।" ਪਰਮੇਸ਼ੁਰ ਕੋਲ ਬਸ ਇੱਕ…

138 ਅਸੀਂ ਸੋਲਾਂ ਤੱਤਾਂ ਤੋਂ ਬਣੇ ਹਾਂ। ਉਸਨੇ ਬਸ ਕੁਝ ਪੋਟਾਸ਼, ਅਤੇ ਕੁਝ ਕੈਲਸ਼ੀਅਮ, ਕੁਝ ਪੈਟਰੋਲੀਅਮ, ਬ੍ਰਹਿਮੰਡੀ ਰੌਸ਼ਨੀ ਲਈ, "ਫਯੁ!" "ਉਸ ਵਿੱਚ ਕਦਮ ਰੱਖ, ਜਿਬਰਾਏਲ," ਇੱਕ ਸਰੀਰ!

139 "ਫਯੁ!" "ਉਸ ਵਿੱਚ ਕਦਮ ਰੱਖ, ਵਰਮਵੁੱਡ।" ਉਸਨੇ ਇਸ ਵਿੱਚ ਕਦਮ ਰੱਖਿਆ।

ਦੋ ਦੂਤ, ਸਵਰਗ ਤੋਂ!

140 ਪਰਮੇਸ਼ੁਰ ਨੇ ਅਗਾਂਹ ਵੱਧ ਕੇ ਮੁੱਠੀ ਭਰ ਲਈ, "ਫਯੁ," ਇਸ ਵਿੱਚ ਕਦਮ ਰੱਖਿਆ, ਖੁਦ। ਹੇਠਾਂ ਆਇਆ, ਅਤੇ ਉਸ ਨੂੰ ਭੁੱਖ ਲੱਗੀ। ਮੁਬਾਰਕ…

ਇਸ ਬਾਰੇ ਕੀ, ਐਡਵੈਂਟਿਸਟ ਭਰਾਵੋ ਜੋ ਮਾਸ ਨਹੀਂ ਖਾਂਦੇ? ਅਸੀਂ ਇਸ ਵੱਲ ਆਵਾਂਗੇ, ਕੁਝ ਸਮੇਂ ਬਾਅਦ। ਸਰਬਸ਼ਕਤੀਮਾਨ ਪਰਮੇਸ਼ੁਰ, ਯਹੋਵਾਹ, ਇਹ ਪਤਾ ਲਗਾਓ ਕਿ ਕੀ ਬਲਦੀ ਝਾੜੀ ਤੇ ਉਸੇ ਨਾਮ ਦਾ ਅਨੁਵਾਦ ਨਹੀਂ ਕੀਤਾ ਗਿਆ ਹੈ! ਹਲਲੂਯਾਹ!

ਅਤੇ ਜਦੋਂ ਉਹ ਧਰਤੀ ਉੱਤੇ ਖੜ੍ਹਾ ਹੋਇਆ, ਉਸਨੇ ਕਿਹਾ, "ਅਬਰਾਹਾਮ ਤੋਂ ਪਹਿਲਾਂ, **ਮੈਂ ਹਾਂ**, ਉਹੀ ਜੋ ਬਲਦੀ ਝਾੜੀ ਵਿੱਚ ਸੀ।" ਇਹ ਸਹੀ ਹੈ, ਈਲੋਹਿਮ, ਦੇਖੋ ਕਿ ਕੀ ਇਹ ਇੱਕੋ ਜਿਹਾ ਨਹੀਂ ਹੈ। ਉਹ ਉਹੀ ਸੀ ਜੋ ਬਲਦੀ ਝਾੜੀ ਵਿੱਚ ਸੀ।

141 ਉਹ ਉਹੀ ਸੀ ਜੋ ਅਬਰਾਹਾਮ ਦੀ ਮੌਜੂਦਗੀ ਵਿੱਚ, ਮਾਸ ਦੇ ਸਰੀਰ ਵਿੱਚ ਸੀ, ਜਿਸ ਨੇ ਵੱਛੇ ਨੂੰ ਖਾਧਾ, ਅਤੇ ਗਾਂ ਦਾ ਦੁੱਧ ਪੀਤਾ, ਅਤੇ ਰੋਟੀਆਂ ਤੇ ਮੱਖਣ ਲਗਾ ਕੇ ਖਾਧਾ। ਪਰਮੇਸ਼ੁਰ ਦਾ ਪਵਿੱਤਰ ਨਾਮ ਮੁਬਾਰਕ ਹੋਵੇ! ਉਧਰ ਤੁਰ ਪਿਆ ਤੇ ਕਿਹਾ, "ਮੈਂ ਨਹੀਂ ਛੱਡਾਂਗਾ..."

ਅਤੇ ਉਸਨੇ ਪਿੱਠ ਕੀਤੀ ਹੋਈ ਸੀ। ਉਸ ਨੇ ਕਿਹਾ, "ਅਬਰਾਹਾਮ, ਮੈਂ ਤੁਹਾਨੂੰ ਮਿਲਣ ਆਵਾਂਗਾ, ਅਤੇ ਤੁਸੀਂ ਉਸ ਬੱਚੇ ਨੂੰ ਪੈਦਾ ਕਰੋਗੇ। ਤੂੰ ਹੁਣ ਸੌ ਸਾਲ ਦਾ ਹੈਂ, ਅਤੇ ਸਾਰਾਹ ਨੱਬੇ ਸਾਲ ਦੀ ਹੈ।" ਅਤੇ ਸਾਰਾਹ, ਤੰਬੂ ਵਿੱਚ, ਹੱਸੀ, "ਹਾ!" ਹੱਸੀ। ਉਸ ਨੇ ਕਿਹਾ, "ਸਾਰਾਹ ਨੂੰ ਕਿਸ ਗੱਲ ਦਾ ਹਾਸਾ ਆਇਆ?" ਉਸ ਦੇ ਪਿੱਛੇ; ਉਨ੍ਹਾਂ ਵਿਚਕਾਰ ਤੰਬੂ ਦਾ ਪਰਦਾ ਸੀ।

142 ਅਬਰਾਹਾਮ ਨੇ ਕਿਹਾ, "ਸਾਰਾਹ, ਕੀ ਤੂੰ ਹੱਸੀ?"

143 "ਨਹੀਂ, ਮੈਂ ਕਦੇ ਨਹੀਂ।"

144 ਉਸ ਨੇ ਕਿਹਾ, "ਹਾਂ, ਤੂੰ ਹੱਸੀ।" ਇਹ ਕਿਹੋ ਜਿਹੀ ਟੈਲੀਪੈਥੀ ਹੈ? ਇਹ ਕਿਹੋ ਜਿਹਾ ਮਨ-ਪੜ੍ਹਨਾ ਸੀ?

ਉਹ ਅੱਜ ਵੀ ਅਜਿਹਾ ਹੀ ਕਰਦਾ ਹੈ। ਉਹ ਯਹੋਵਾਹ-ਜਿਰੇਹ, ਯਹੋਵਾਹ-ਰਾਫ਼ਾ, ਕੱਲ੍ਹ, ਅੱਜ ਅਤੇ ਸਦਾ ਲਈ ਇੱਕੋ ਜਿਹਾ ਹੈ। ਉਹ ਕਦੇ ਅਸਫਲ ਨਹੀਂ ਹੁੰਦਾ।

145 ਉਸ ਨੂੰ ਵੇਖੋ। ਉਥੇ ਉਹ ਖੜ੍ਹਾ ਹੈ। ਬਾਹਰ ਗਿਆ ਅਤੇ ਅਬਰਾਹਾਮ ਨਾਲ ਗੱਲ ਕੀਤੀ; ਅਤੇ ਉਸਦੀ ਨਿਗਾਹ ਤੋਂ, ਅਲੋਪ ਹੋ ਗਿਆ। ਅਤੇ ਮਹਾਨ ਪੁਰਖ ਅਬਰਾਹਾਮ ਨੇ ਕਿਹਾ "ਪਰਮੇਸ਼ੁਰ, ਇਲੋਹਿਮ ਨਾਲ ਆਹਮੋ-ਸਾਹਮਣੇ ਗੱਲ ਕੀਤੀ," ਉਸੇ ਹੀ ਪਰਮੇਸ਼ੁਰ ਨਾਲ। ਇਸ ਨੂੰ ਸਮਝੇ? ਕੋਈ ਤਿੰਨ ਲੋਕ ਨਹੀਂ, ਭਾਈ। ਇੱਕੋ ਵਿਅਕਤੀ ਦੇ ਤਿੰਨ ਦਫ਼ਤਰ!

146 ਸ਼ੁਰੂ ਵਿਚ ਉਹੀ ਸੀ, ਉਹੀ ਮਹਾਨ ਆਤਮਾ, ਝਰਨਾ ਸੀ ਜਿੱਥੇ ਸਾਰੀ ਸੱਚਾਈ, ਸਾਰਾ ਪਿਆਰ, ਸਾਰੀ ਸ਼ਾਂਤੀ ਸੀ। ਹਰ ਚੀਜ਼ ਜੋ ਸ਼ੁੱਧ ਸੀ ਇਸ ਝਰਨੇ ਵਿੱਚ ਸੀ। ਇਸ ਨੇ ਇੱਕ ਸਰੀਰ ਬਣਾਉਣਾ ਸ਼ੁਰੂ ਕੀਤਾ, ਇੱਕ ਥੀਓਫਨੀ, ਅਜਿਹੇ ਸਰੀਰ ਦੀ ਨਮੂਨਾ ਜਿਸ ਵਿੱਚ ਅਸੀਂ ਜਾਣਾ ਹੈ। ਇੱਕ ਮਹਿਮਾ ਵਾਲਾ ਸਰੀਰ ਨਹੀਂ, ਪਰ ਇੱਕ ਦੂਤ ਜਿਹਾ ਸਰੀਰ, ਜਿਸਦੀ; ਸ਼ਕਲ, ਰੂਪ ਹੈ।

147 ਹਰ ਵਾਰ ਜਦੋਂ ਮੈਂ ਕੋਈ ਰੁੱਖ ਵੇਖਦਾ ਹਾਂ, ਮੈਂ ਸੋਚਦਾ ਹਾਂ, "ਉਹ ਰੁੱਖ ਨਕਾਰਾਤਮਕ ਹੈ। ਕਿਸੇ ਥਾਂ ਤੇ ਉਸਦਾ ਇੱਕ ਸਕਾਰਾਤਮਕ ਹੈ।" ਉਹ ਰੁੱਖ ਕਿਸੇ ਚੀਜ਼ ਤੋਂ ਬਣਿਆ ਸੀ। ਇੱਕ ਸਿਆਣਪ ਨੇ ਇਸ ਨੂੰ ਬਣਾਇਆ। ਅਤੇ ਇਸ ਧਰਤੀ ਵਿੱਚ ਜੋ ਵੀ ਹੈ ਉਹ ਸਵਰਗੀ ਨੂੰ ਦਰਸਾਉਂਦਾ ਹੈ। ਬਾਈਬਲ ਨੇ ਇਸ ਤਰ੍ਹਾਂ ਕਿਹਾ ਹੈ। ਅਤੇ ਜੇਕਰ ਇੱਥੇ ਇੱਕ ਰੁੱਖ ਹੈ ਜਿਸਦਾ ਨਾਸ਼ ਹੋਣਾ ਹੈ, ਉੱਥੇ ਇੱਕ ਮਹਿਮਾ ਵਿੱਚ ਹੈ ਜੋ ਨਾਸ਼ ਨਹੀਂ ਹੋਵੇਗਾ।

148 ਜੇ ਮੈਂ ਇੱਕ ਆਦਮੀ ਨੂੰ ਵੇਖਦਾ ਹਾਂ, ਜਦ ਮੈਂ ਇੱਕ ਪਿਆਰਾ ਛੋਟਾ ਨੌਜਵਾਨ ਜੋੜਾ, ਆਦਮੀ ਅਤੇ ਉਸਦੀ ਪਤਨੀ, ਗਲੀ ਵਿੱਚ ਜਾਂਦੇ ਵੇਖਦਾ ਹਾਂ, ਪ੍ਰੇਮੀ ਇਕੱਠੇ, ਇਹ ਕੀ ਦਰਸਾਉਂਦਾ ਹੈ? ਪਰਮੇਸ਼ੁਰ ਦਾ ਨਾਮ ਮੁਬਾਰਕ ਹੋਵੇ! ਸਵਰਗ ਵਿੱਚ ਇੱਕ ਅਜਿਹਾ ਹੈ ਜੋ ਕਦੇ ਨਾਸ਼ ਨਹੀਂ ਹੋਵੇਗਾ। "ਜੇ ਇਹ ਧਰਤੀ ਦਾ ਤੰਬੂ ਢਹਿ ਵੀ ਜਾਵੇ, ਤਾਂ ਸਾਡੇ ਲਈ ਇੱਕ ਹੈ ਜੋ ਉਡੀਕ ਰਿਹਾ ਹੈ," ਥੀਓਫਨੀ।

149 ਫਿਰ ਤੁਹਾਡੇ ਕੋਲ ਤ੍ਰਿਏਕਤਾ ਹੈ: ਮਹਾਨ ਆਤਮਾ, ਪੁੱਤਰ, ਯਿਸੂ ਵਿੱਚ ਰਹਿੰਦੀ ਹੈ; ਯਿਸੂ ਕਲੀਸਿਯਾ ਵਿੱਚ ਰਹਿੰਦਾ ਹੈ। "ਉਸ ਦਿਨ, ਤੁਸੀਂ ਜਾਣੋਗੇ ਕਿ ਮੈਂ ਪਿਤਾ ਵਿੱਚ ਹਾਂ, ਪਿਤਾ ਮੇਰੇ ਵਿੱਚ ਹੈ, ਅਤੇ ਮੈਂ ਤੁਹਾਡੇ ਵਿੱਚ ਹਾਂ।" [ਟੇਪ ਉੱਤੇ ਖਾਲੀ ਥਾਂ—ਸੰਪਾ.] ਉਹ ਸਭ ਕੁਝ ਜੋ ਪਰਮੇਸ਼ੁਰ ਸੀ, ਉਸਨੇ ਯਿਸੂ ਵਿੱਚ ਡੋਲ੍ਹ ਦਿੱਤਾ; ਉਹ ਸਭ ਜੋ ਯਿਸੂ ਸੀ, ਉਸ ਨੇ ਕਲੀਸਿਯਾ ਵਿੱਚ ਡੋਲ੍ਹ ਦਿੱਤਾ। ਉਥੇ ਤੁਸੀਂ ਹੋ। "ਮੈਂ ਪਿਤਾ ਵਿੱਚ, ਪਿਤਾ ਮੇਰੇ ਵਿੱਚ; ਮੈਂ ਤੁਹਾਡੇ ਵਿੱਚ, ਅਤੇ ਤੁਸੀਂ ਮੇਰੇ ਵਿੱਚ।" ਉੱਥੇ ਹੈ—ਉੱਥੇ ਹੈ ਸਰੀਰ।

150 ਕਲੀਸਿਯਾ ਦਾ ਇਹੀ ਮਾਮਲਾ ਹੈ। ਉਹਨਾਂ ਨੂੰ ਕਿਸੇ ਕਿਸਮ ਦਾ ਛੋਟਾ ਪੁਰਾਣਾ, ਜਨਾਨਕਾ, ਬੁੱਢੀ ਔਰਤ ਦਾ ਸਿਧਾਂਤ ਸਿਖਾਇਆ ਗਿਆ ਹੈ, ਏਧਰ-ਉਧਰ ਦੌੜਦੇ ਹਨ ਅਤੇ ਰਾਤ ਦੀਆਂ ਦਾਅਵਤਾਂ ਅਤੇ ਤਾਸ਼ ਪਾਰਟੀਆਂ ਕਰਦੇ ਹਨ। ਕੋਈ ਹੈਰਾਨੀ ਨਹੀਂ ਕਿ ਸਾਡੇ ਕੋਲ ਹਫੜਾ-ਦਫੜੀ ਦਾ ਇੱਕ ਝੁੰਡ ਹੈ। ਸਾਨੂੰ ਬੱਚਿਆਂ ਦੇ ਪ੍ਰੋਗਰਾਮਾਂ ਅਤੇ ਰਾਤ ਦੀਆਂ ਦਾਅਵਤਾਂ ਦੀ ਲੋੜ ਨਹੀਂ ਹੈ। ਸਾਨੂੰ ਕੀ ਚਾਹੀਦੀ ਹੈ ਇੱਕ ਸਖ਼ਤ ਪੁਰਾਣੀ ਇੰਜੀਲ, ਅਤੇ ਤਲਵਾਰ ਲਮਕਾਏ ਹੋਏ ਵਿਸ਼ਵਾਸੀ ਆਦਮੀ, ਅਤੇ ਚੁਣੌਤੀ ਦੇਣ ਵਾਲੇ। ਅੱਜ ਸਾਨੂੰ ਕੀ ਚਾਹੀਦਾ

ਹੈ, ਕੋਈ ਮਾਮੂਲੀ ਸਿੱਖਿਆ ਨਹੀਂ ਅਤੇ ਕੁਝ ਮਨੁੱਖ ਦੁਆਰਾ ਬਣਾਏ ਸਮੂਹ ਦੇ ਸਿਧਾਂਤ। ਸਾਨੂੰ ਰੋਸ਼ਨੀ ਅਤੇ ਸ਼ਕਤੀ ਅਤੇ ਪਵਿੱਤਰ ਆਤਮਾ ਦੇ ਪ੍ਰਦਰਸ਼ਨ ਵਿੱਚ ਪ੍ਰਚਾਰੀ ਗਈ ਸਖ਼ਤ ਖੁਸ਼ਖਬਰੀ ਦੀ ਲੋੜ ਹੈ।

151 ਹੁਣ ਇੱਥੇ ਧਿਆਨ ਦਿਓ।

> ਜਿਵੇਂ ਉਸਨੇ ਕਿਹਾ, *ਉਸਨੇ ਇੱਕ ਹੋਰ ਦਿਨ* ਸੀਮਿਤ ਕੀਤਾ, *ਦਾਉਦ ਦੀ ਜਬਾਨੀ,...*
>
> *...ਜੇ ਯਿਸੂ ਨੇ ਉਨ੍ਹਾਂ ਨੂੰ ਅਰਾਮ ਦਿੱਤਾ ਹੁੰਦਾ,...ਤਾਂ ਪਰਮੇਸ਼ੁਰ ਉਹ ਦੇ ਮਗਰੋਂ...ਕਿਸੇ ਹੋਰ ਦਿਨ ਦੀ ਗੱਲ ਨਾ ਕਰਦਾ।*
>
> *ਪਰ ਪਰਮੇਸ਼ੁਰ ਦੀ ਪਰਜਾ ਲਈ...ਸਬਤ ਦਾ ਅਰਾਮ ਅਜੇ ਬਾਕੀ ਰਹਿੰਦਾ ਹੈ।*
>
> *ਕਿਉਂਕਿ ਜਿਹੜਾ ਉਹ ਦੇ ਅਰਾਮ ਵਿੱਚ ਵੜ ਗਿਆ,...ਉਹ ਨੇ ਵੀ ਆਪ ਆਪਣਿਆਂ ਕੰਮਾਂ ਤੋਂ ਵਿਹਲਿਆਂ ਹੋ ਕੇ ਅਰਾਮ ਕੀਤਾ, ਜਿਵੇਂ ਪਰਮੇਸ਼ੁਰ ਨੇ ਆਪਣਿਆਂ ਕੰਮਾਂ ਤੋਂ।*

152 ਹੁਣ ਅਸੀਂ ਕਿਥੋਂ ਪੜ੍ਹਾਂਗੇ? ਮੱਤੀ, ਵੀਹ-...11ਵਾਂ ਅਧਿਆਇ, 27ਵੀਂ ਆਇਤ।

> *ਸਭ ਕੁਝ ਜੋ ਮੇਰੇ ਪਿਤਾ ਨੇ ਮੈਨੂੰ ਸੌਂਪਿਆ ਹੋਇਆ ਹੈ, ਮੇਰੇ ਪਿਤਾ ਦੁਆਰਾ ਮੈਨੂੰ ਸੌਂਪਿਆ ਗਿਆ ਹੈ,* ਸਗੋਂ: *ਅਤੇ ਪੁੱਤ੍ਰ ਨੂੰ ਕੋਈ ਨਹੀਂ ਜਾਣਦਾ ਪਰ ਪਿਤਾ;* (ਠੀਕ ਹੈ।) *ਅਤੇ ਨਾ ਕੋਈ ਪਿਤਾ ਨੂੰ ਜਾਣਦਾ ਹੈ, ਪਰ ਪੁੱਤ੍ਰ ਅਤੇ ਉਹ ਜਿਸ ਉੱਤੇ ਪੁੱਤ੍ਰ, ਉਹ ਨੂੰ ਪਰਗਟ ਕਰਨਾ ਚਾਹੇ।*

153 ਦੇਖੋ, ਇਹ ਨਹੀਂ ਹੈ ਕਿ ਤੁਸੀਂ ਕਿੰਨਾ ਸਿੱਖਦੇ ਹੋ, ਜਾਂ ਬਿਸ਼ਪ ਤੁਹਾਨੂੰ ਦੱਸਣਾ ਚਾਹੁੰਦਾ ਹੈ। ਇਹ ਉਹ ਹੈ ਜੋ ਪਰਮੇਸ਼ੁਰ ਚਾਹੁੰਦਾ ਹੈ ਕਿ ਤੁਸੀਂ ਜਾਣੋ। ਜੇ ਤੁਸੀਂ ਇਸ ਪਰਕਾਸ਼ਣ ਨੂੰ ਨਹੀਂ ਦੇਖ ਸਕਦੇ, ਤਾਂ ਬਿਸ਼ਪ ਨੂੰ ਨਾ ਪੁੱਛੋ। ਪਰਮੇਸ਼ੁਰ ਨੂੰ ਪੁੱਛੋ। ਆਪਣੇ ਪਾਸਟਰ ਨੂੰ ਨਾ ਪੁੱਛੋ। ਪਰਮੇਸ਼ਰ ਨੂੰ ਪੁੱਛੋ। "ਪੁੱਤਰ ਉਹ ਨੂੰ ਪ੍ਰਗਟ ਕਰਦਾ ਹੈ," *ਉਹ*, ਨਿੱਜੀ ਪੜਨਾਂਵ ਹੈ।

154 ਸੁਣੋ। ਇਹ ਤੁਹਾਨੂੰ ਹੈਰਾਨ ਕਰ ਦੇਵੇਗਾ। ਇੱਥੇ ਹੁਕਮ ਹੈ। ਪੌਲੁਸ ਨੇ ਕਿਹਾ, "ਜੇ ਉਹ ਕਿਸੇ ਹੋਰ ਦਿਨ ਬਾਕੀ ਹੁੰਦਾ, ਤਾਂ ਉਸਨੇ ਇਸ ਬਾਰੇ ਗੱਲ ਕੀਤੀ ਹੁੰਦੀ।" ਪਰ ਇੱਥੇ ਉਹ ਹੈ ਜੋ ਉਸਨੇ ਕਿਹਾ।

> *ਹੇ ਸਾਰੇ ਥੱਕੇ ਹੋਇਓ, ਅਤੇ ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ* ਸਬਤ, *ਅਰਾਮ ਦਿਆਂਗਾ।*

*ਮੇਰਾ ਜੂਲਾ ਆਪਣੇ ਉੱਤੇ ਲੈ ਲਵੋ, ਅਤੇ ਮੈਥੋਂ ਸਿੱਖੋ; ਕਿਉਂ ਜੋ ਮੈਂ ਕੋਮਲ ਅਤੇ ਮਨ ਦਾ .ਗਰੀਬ ਹਾਂ: ਅਤੇ ਤੁਸੀਂ ਆਪਣਿਆਂ ਜੀਆਂ ਵਿੱਚ ਸਬਤ ਪਾਓਗੇ।*

*ਕਿਉਂ ਜੋ ਮੇਰਾ ਜੂਲਾ ਹੌਲਾ ਅਤੇ ਮੇਰਾ ਭਾਰ ਹਲਕਾ ਹੈ।*

155 ਦੇਖੋ ਪੌਲੁਸ ਨੇ ਕੀ ਕਿਹਾ।

*...ਜੇ ਯਿਸੂ ਨੇ ਉਨ੍ਹਾਂ ਨੂੰ ਅਰਾਮ ਦਿੱਤਾ ਹੁੰਦਾ,...ਤਾਂ ਉਹ ਦੇ ਮਗਰੋਂ...ਕਿਸੇ ਹੋਰ ਦਿਨ ਦੀ ਗੱਲ ਨਾ ਕਰਦਾ।*

ਪਰ *ਉਸਨੇ ਇੱਕ* ਸੀਮਤ...ਦਿਨ, *ਦਾਊਦ ਦੀ* ਜਬਾਨੀ,...*ਐਨੇ ਚਿਰ ਮਗਰੋਂ;*...ਜਦੋਂ ਤੁਸੀਂ *ਉਸਦੀ ਅਵਾਜ਼ ਸੁਣੋ*, ਤਾਂ ਆਪਣੇ ਦਿਲਾਂ *ਨੂੰ ਕਠੋਰ ਨਾ ਕਰੋ।*

"ਅਤੇ ਉੱਥੇ ਬਾਕੀ ਰਹਿੰਦਾ ਹੈ..." ਹੁਣ ਸੁਣੋ, 9ਵੀਂ ਆਇਤ।

*ਪਰਮੇਸ਼ੁਰ ਦੀ ਪਰਜਾ ਲਈ,* ਇੱਕ ਸਬਤ, *ਦਾ ਅਰਾਮ ਅਜੇ ਬਾਕੀ ਰਹਿੰਦਾ ਹੈ।*

*ਕਿਉਂਕਿ ਜਿਹੜਾ,* ਆਦਮੀ ਜਾਂ ਔਰਤ, *ਉਹ ਦੇ ਅਰਾਮ ਵਿੱਚ ਵੜ ਗਿਆ...*

"ਹੇ ਸਾਰੇ ਥੱਕੇ ਹੋਇਓ, ਅਤੇ ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ।"

*...ਆਪਣਿਆਂ ਕੰਮਾਂ ਤੋਂ...ਵਿਹਲਿਆਂ ਹੋ ਕੇ ਅਰਾਮ ਕੀਤਾ, ਜਿਵੇਂ ਪਰਮੇਸ਼ੁਰ ਨੇ ਆਪਣਿਆਂ ਕੰਮਾਂ ਤੋਂ।*

156 ਤੁਹਾਡੀ ਉਮਰ ਵੀਹ ਸਾਲ ਹੋ ਸਕਦੀ ਹੈ। ਤੁਸੀਂ ਸ਼ਾਇਦ ਤੀਹ ਸਾਲ ਦੇ ਹੋ ਗਏ ਹੋਵੋਂਗੇ। ਤੁਸੀਂ ਸ਼ਾਇਦ ਪੰਜਾਹ ਸਾਲ ਦੇ ਹੋ ਗਏ ਹੋਵੋਂਗੇ। ਪਰ ਜਿਸ ਪਲ ਤੁਸੀਂ ਪਰਮੇਸ਼ੁਰ ਦੀ ਅਵਾਜ਼ ਨੂੰ ਆਪਣੇ ਦਿਲ ਤੇ ਖੜਕਾਉਂਦੇ ਹੋਏ ਸੁਣੋ, ਤਾਂ ਇਸ ਨੂੰ ਕਠੋਰ ਨਾ ਕਰੋ। ਫਿਰ ਦਾਖਲ..."ਉਹ ਜੋ ਮੇਰੇ ਬਚਨਾਂ ਨੂੰ ਸੁਣਦਾ ਹੈ, ਉਸ ਉੱਤੇ ਵਿਸ਼ਵਾਸ ਕਰਦਾ ਹੈ ਜਿਸਨੇ ਮੈਨੂੰ ਭੇਜਿਆ ਹੈ, ਸਦੀਪਕ, ਉਸ ਕੋਲ ਸਦੀਪਕ ਜੀਵਨ ਹੈ, ਅਤੇ ਉਸ ਤੇ ਕਦੇ ਵੀ ਸਜਾ ਦਾ ਹੁਕਮ ਨਹੀਂ ਹੁੰਦਾ ਸਗੋਂ ਮੌਤ ਤੋਂ ਪਾਰ ਜੀਵਨ ਵਿੱਚ ਚਲਾ ਜਾਂਦਾ ਹੈ।"

157 "ਕਹੋ, ਭਾਈ ਬ੍ਰਨਹਾਮ, ਕੀ ਹੁੰਦਾ ਹੈ?" ਤੁਹਾਨੂੰ ਪਵਿੱਤਰ ਆਤਮਾ ਮਿਲਦਾ ਹੈ। ਮਸੀਹ ਤੁਹਾਡੇ ਵਿੱਚ ਆਉਂਦਾ ਹੈ। ਕੀ ਇਹ ਸਹੀ ਹੈ?

158 ਮੇਰੇ ਨਾਲ ਯਸਾਯਾਹ ਵੱਲ ਮੁੜੋ, 28ਵਾਂ ਅਧਿਆਇ, ਅਤੇ ਆਓ ਪੜ੍ਹੀਏ। ਯਸਾਯਾਹ, 28ਵਾਂ ਅਧਿਆਇ, ਦੇਖੋ ਕਿ ਨਬੀ ਨੇ ਇਸ ਬਾਰੇ ਕੀ ਕਿਹਾ ਸੀ।

ਮੱਤੀ…28, 8ਵੀਂ ਆਇਤ ਤੋਂ ਸ਼ੁਰੂ ਕਰੋ। ਇੱਥੇ ਆਖ਼ਰੀ ਦਿਨਾਂ ਦੀ ਦੁਰਦਸ਼ਾ ਹੈ। ਅਸੀਂ ਇੱਕ ਮਿੰਟ ਵਿੱਚ ਸਮਾਪਤ ਕਰਾਂਗੇ।

*ਸਾਰਿਆਂ ਮੇਜ਼ਾਂ ਤਾਂ, ਕੈ ਤੇ ਵਿਸ਼ਟੇ ਨਾਲ ਭਰੀਆਂ ਹੋਈਆਂ ਹੋਣਗੀਆਂ ਅਤੇ…ਕੋਈ ਥਾਂ ਸਾਫ ਨਹੀਂ।*

159 ਮੈਨੂੰ ਇੱਕ ਮਿੰਟ ਰੁਕਣ ਦਿਓ। ਜਿਵੇਂ ਅਰਨੀ ਨੇ ਉਸ ਰਾਤ ਕਿਹਾ ਸੀ, ਉਹ ਕਿਸੇ ਨਾਲ ਗੱਲ ਕਰ ਰਿਹਾ ਸੀ। ਅਰਨੀ ਫੈਂਡਲਰ, ਇਹ ਭਾਈ ਸਵਿਟਜ਼ਰਲੈਂਡ ਤੋਂ ਹੈ, ਉਸਨੇ ਕਿਹਾ, "ਮੈਂ ਰੁਕਿਆ ਅਤੇ ਇਸਨੂੰ ਅੰਦਰ ਜਾਣ ਦਿੱਤਾ।"

160 ਮੈਂ ਚਾਹੁੰਦਾ ਹਾਂ ਕਿ ਇਹ ਅੰਦਰ ਭਿੱਜ ਜਾਵੇ।

*…ਕੋਈ ਥਾਂ ਸਾਫ ਨਹੀਂ।*

*ਕਿਉਂਕਿ ਸਾਰੀਆਂ ਮੇਜ਼ਾਂ ਉਲਟੀਆਂ ਨਾਲ ਭਰੀਆਂ ਹੋਣਗੀਆਂ…*

ਅਤੇ ਜਿਵੇਂ *ਕੁੱਤਾ* ਆਪਣੀ *ਉਲਟੀ* ਵੱਲ ਜਾਂਦਾ ਹੈ…*ਅਤੇ* ਇੱਕ *ਸੂਰ*…ਉਸ ਦੇ ਚਿੱਕੜ ਵੱਲ, ਇਸ ਤਰ੍ਹਾਂ ਲੋਕ ਵਾਪਸ ਮੁੜ ਜਾਂਦੇ ਹਨ।

161 ਮੈਥੋਡਿਸਟ ਤੁਹਾਡੇ ਨਾਲ ਕੀ ਪਰੇਸ਼ਾਨੀ ਹੈ? ਤੁਹਾਡੇ ਕੋਲ ਰੌਸ਼ਨੀ ਹੁੰਦੀ ਸੀ। ਕੀ ਹੋਇਆ? ਪਰਮੇਸ਼ੁਰ ਨੇ ਇਸਨੂੰ ਤੁਹਾਡੇ ਹੱਥੋਂ ਲੈ ਲਿਆ, ਉਸਨੇ ਇਸਨੂੰ ਨਾਜ਼ਰੀਨਾਂ ਨੂੰ ਦੇ ਦਿੱਤਾ।

ਤੁਹਾਨੂੰ ਨਾਜ਼ਰੀਨਾਂ ਨੂੰ ਕੀ ਹੋਇਆ? ਤੁਹਾਡੇ ਕੋਲ ਇੱਕ ਵਾਰ ਰੋਸ਼ਨੀ ਹੁੰਦੀ ਸੀ। ਪਰਮੇਸ਼ੁਰ ਨੇ ਇਸਨੂੰ ਤੁਹਾਡੇ ਹੱਥਾਂ ਵਿੱਚੋਂ ਲਿਆ ਅਤੇ ਇਸਨੂੰ ਪੇਂਟੇਕੋਸਟਲ ਨੂੰ ਦੇ ਦਿੱਤਾ। ਸਹੀ। ਤੁਸੀਂ ਚਰਚ ਆਫ਼ ਗੋਡ ਅਤੇ ਤੁਹਾਡੇ ਬਾਕੀ ਦੇ ਹੋਲੀਨੈਸ ਵਾਲੇ ਲੋਕ, ਕਿਉਂਕਿ ਤੁਸੀਂ ਚਾਨਣ ਨੂੰ ਰੱਦ ਕਰ ਦਿੱਤਾ ਸੀ, ਤੁਸੀਂ ਆਪਣੇ ਆਪ ਨੂੰ ਸੰਪਰਦਾਇਕ ਬਣਾਇਆ ਅਤੇ ਕਿਹਾ, "ਅਸੀਂ *ਇਸ* ਤੋਂ ਵੱਧ ਵਿਸ਼ਵਾਸ ਨਹੀਂ ਕਰਾਂਗੇ," ਪਰਮੇਸ਼ੁਰ ਬਸ ਅੱਗੇ ਵੱਧ ਗਿਆ ਅਤੇ ਤੁਹਾਨੂੰ ਦਿਖਾਇਆ ਕਿ ਉਸਦੇ ਕੋਲ ਲੋਕ ਹਨ ਜੋ ਉਸਦੇ ਪਿੱਛੇ ਚਲਣਗੇ।

162 ਤੁਹਾਨੂੰ ਪੈਂਟੀਕੋਸਟਲਾਂ ਨੂੰ ਕੀ ਹੋਇਆ? ਤੁਹਾਡੇ ਕੋਲ ਰੋਸ਼ਨੀ ਹੁੰਦੀ ਸੀ। ਪਰਮੇਸ਼ੁਰ ਨੇ ਇਹ ਤੁਹਾਡੇ ਕੋਲੋਂ ਖੋਹ ਲਈ ਹੈ।

ਅੱਗ ਦਾ ਥੰਮ੍ਹ ਅੱਗੇ ਰਹਿੰਦਾ ਹੈ। ਹਰ ਵਾਰ ਜਦੋਂ ਅੱਗ ਦਾ ਥੰਮ੍ਹ ਅੱਗੇ ਵੱਧਦਾ ਸੀ, ਕਲੀਸਿਯਾ ਇਸਦੇ ਨਾਲ ਨਾਲ ਜਾਂਦੀ ਰਹੀ।

ਅਤੇ ਜਦੋਂ ਲੂਥਰ ਨੇ ਜਥੇਬੰਦੀ ਕੀਤੀ, ਕੈਥੋਲਿਕ ਕਲੀਸਿਯਾ ਤੋਂ ਬਾਹਰ ਨਿਕਲ ਕੇ, ਤਾਂ ਉਸ ਦੀ ਆਪਣੀ ਕਲੀਸਿਯਾ ਵਿੱਚੋਂ, ਅੱਗ ਦਾ ਥੰਮ੍ਹ ਚਲਿਆ ਗਿਆ ਅਤੇ ਵੈਜਲੀ ਇਸ ਦੇ ਨਾਲ ਅੱਗੇ ਵੱਧਿਆ।

ਵੈਜਲੀ ਨੇ ਜਥੇਬੰਦੀ ਕੀਤੀ ਅਤੇ ਆਪਣੀ ਸੰਪਰਦਾ ਬਣਾਈ, ਅਤੇ ਅੱਗ ਦਾ ਥੰਮ੍ਹ ਚਲਿਆ ਗਿਆ ਅਤੇ ਨਾਜ਼ਰੀਨ ਇਸ ਦੇ ਨਾਲ ਚਲੇ ਗਏ।

ਨਾਜਰੀਨ ਜੱਥੇਬੰਦ ਹੋਏ, ਅਤੇ ਪਰਮੇਸ਼ੁਰ ਦੀ ਕਲੀਸਿਯਾ ਇਸ ਦੇ ਨਾਲ ਅੱਗੇ ਵਧੀ; ਅਤੇ ਕਿਹਾ ਕਿ ਉਹ ਸੰਪਰਦਾ ਨਹੀਂ ਸਨ, ਪਰ ਉਹ ਸਨ।

163 ਫਿਰ ਕੀ ਹੋਇਆ? ਅਗਲੀ ਗੱਲ ਇਹ ਹੋਈ, ਪੇਂਟੇਕੋਸਟਲ ਲੋਕਾਂ ਨੇ ਅੱਗ ਨੂੰ ਦੇਖਿਆ, ਅਤੇ ਉਹ ਗਏ। ਅਤੇ ਤੁਸੀਂ ਕੀ ਕੀਤਾ? ਗੈਰ ਜ਼ੁਬਾਨਾਂ ਬੋਲਣ ਨੂੰ ਹੀ ਸਿਧਾਂਤ ਬਣਾ ਲਿਆ, ਅਤੇ ਇਸ ਨੂੰ ਜੱਥੇਬੰਦ ਕੀਤਾ, “ਪਵਿੱਤਰ ਆਤਮਾ ਪ੍ਰਾਪਤ ਕਰਨ ਤੋਂ ਪਹਿਲਾਂ ਹਰ ਕਿਸੇ ਨੂੰ ਪਰਾਈ ਭਾਸ਼ਾ ਵਿੱਚ ਬੋਲਣਾ ਪੈਂਦਾ ਸੀ,” ਫਿਰ ਪਰਮੇਸ਼ੁਰ ਤੁਰੰਤ ਪਰੇ ਚਲਾ ਗਿਆ ਅਤੇ ਤੁਹਾਨੂੰ ਉੱਥੇ ਛੱਡ ਦਿੱਤਾ ਜਿੱਥੇ ਤੁਸੀਂ ਹੋ।

164 ਤੁਹਾਨੂੰ ਵਨਨੈਸ ਵਾਲਿਆਂ ਨੂੰ ਕੀ ਹੋਇਆ? ਤੁਹਾਨੂੰ ਯਿਸੂ ਦੇ ਨਾਮ ਵਿੱਚ, ਬਪਤਿਸਮੇ ਦਾ ਪਤਾ ਲੱਗਿਆ। ਤੁਸੀਂ ਇਸ ਵਿੱਚੋਂ ਇੱਕ ਸਿਧਾਂਤ ਬਣਾ ਲਿਆ, ਅਤੇ ਆਪਣੇ ਆਪ ਨੂੰ ਬਾਕੀਆਂ ਦੇ ਨਾਲੋਂ ਵੱਖ ਕਰ ਲਿਆ, ਅਤੇ ਪਰਮੇਸ਼ੁਰ ਤੁਰੰਤ ਪਰੇ ਚਲਾ ਗਿਆ ਅਤੇ ਤੁਹਾਨੂੰ ਉੱਥੇ ਹੀ ਛੱਡ ਦਿੱਤਾ। ਬਿਲਕੁਲ।

165 ਤੁਹਾਨੂੰ ਅਸੈਂਬਲੀ ਆਫ਼ ਗੋਡ, ਪੁਰਾਣੀ ਜਨਰਲ ਕੌਂਸਲ ਨੂੰ ਕੀ ਹੋਇਆ? ਤੁਸੀਂ ਆਪਣੇ ਵਿੱਚੋਂ ਇੱਕ ਸੰਗਠਨ ਬਣਾਇਆ, ਅਤੇ ਪਰਮੇਸ਼ੁਰ ਤੁਰੰਤ ਪਰੇ ਚਲਾ ਗਿਆ ਅਤੇ ਤੁਹਾਨੂੰ ਉੱਥੇ ਹੀ ਛੱਡ ਦਿੱਤਾ। ਅਤੇ ਹੁਣ ਤੁਸੀਂ ਇੱਕ ਠੰਡੇ, ਰਸਮੀ ਝੁੰਡ ਤੋਂ ਇਲਾਵਾ ਕੁਝ ਨਹੀਂ ਹੋ ਜਿਵੇਂ ਕਿ ਬਾਕੀ ਹਨ।

ਅਤੇ ਅੱਗ ਦਾ ਥੰਮ੍ਹ ਅੱਗੇ ਵੱਧ ਰਿਹਾ ਹੈ। ਹਲਲੂਯਾਹ!

*…ਸਾਰੀਆਂ ਮੇਜ਼ਾਂ ਉਲਟੀਆਂ ਨਾਲ ਭਰੀਆਂ ਹੋਈਆਂ ਹਨ…*

166 ਪ੍ਰਭੂ ਭੋਜ ਨੂੰ ਵੇਖੋ। ਕਿਉਂ, ਉਹ ਵੀ…ਮੈਂ ਉਸ ਥਾਂ ਤੇ ਸੀ ਜਿੱਥੇ ਉਹ ਰੋਟੀ ਤੋੜਦੇ ਹਨ। ਅਤੇ ਰੋਟੀ ਪਤੀਰੀ ਰੋਟੀ ਨਾਲ ਬਣਾਈ ਜਾਣੀ ਚਾਹੀਦੀ ਹੈ। ਅਤੇ ਉਹ ਇਸ ਨੂੰ ਪਾਪੀਆਂ, ਸਿਗਰਟ ਪੀਣ ਵਾਲਿਆਂ, ਵੇਸਵਾਵਾਂ, ਕੰਜਰੀਆਂ ਨੂੰ ਦਿੰਦੇ ਹਨ, ਜਿੰਨਾ ਚਿਰ ਉਨ੍ਹਾਂ ਦਾ ਨਾਮ ਕਿਤਾਬ ਤੇ ਹੈ।

167 ਅਤੇ ਤੁਸੀਂ ਬੈਪਟਿਸਟ ਤਾਂ ਇਸਨੂੰ “ਬੰਦ” ਸਾਂਝ ਵੀ ਕਹਿੰਦੇ ਹੋ। ਹੁਣ, ਤੁਸੀਂ ਬੈਪਟਿਸਟ ਥੋੜੀ ਸ਼ੇਖੀ ਵਿੱਚ ਹੋ, ਪਰਮੇਸ਼ੁਰ ਤੁਹਾਡੇ ਨਰਸਿੰਘੇ ਖੋਹ ਲਵੇਗਾ। ਇਹ ਬਿਲਕੁਲ ਸਹੀ ਹੈ, ਫਿਰ ਤੁਸੀਂ ਇਸਨੂੰ ਵਜਾਉਣ ਦੇ ਯੋਗ ਨਹੀਂ ਰਹੋਗੇ। “ਬੰਦ” ਭਾਈਚਾਰੇ ਦੀ ਸਾਂਝ, ਤੁਸੀਂ ਆਪਣੇ ਆਪ ਨੂੰ ਵੱਖਰਾ ਕਰਦੇ ਹੋ, ਆਪਣੇ ਆਪ ਨੂੰ ਉਸ ਨਾਲੋਂ ਜਿਆਦਾ ਪਵਿੱਤਰ ਜਾਣਦੇ ਹੋ ਜਿੰਨੇ ਤੁਸੀਂ ਹੋ।

ਯਾਦ ਰੱਖੋ, ਇਹ ਇੱਕ ਬੈਪਟਿਸਟ ਡੇਰਾ ਹੈ। ਇਹੀ ਤੁਹਾਨੂੰ ਮਿਲੇਗਾ, ਜਦੋਂ ਤੁਸੀਂ ਆਪਣੇ ਆਪ ਨੂੰ ਜੱਥੇਬੰਦ ਕਰ ਲੈਂਦੇ ਹੋ। "ਔਹ," ਤੁਸੀ ਕਹਿੰਦੇ ਹੋ, "ਅਸੀਂ ਕੋਈ ਸੰਸਥਾ ਨਹੀਂ ਹਾਂ।" ਹਾਂ ਤੁਸੀਂ ਹੋ। ਯਕੀਨਨ, ਤੁਸੀਂ ਹੋ। ਤੁਸੀ ਕਹਿੰਦੇ ਹੋ, "ਅਸੀਂ ਇੱਕ ਸੰਗਤ ਹਾਂ।" ਹਾਂ, ਹਰ ਕਿਸੇ ਵਿਅਕਤੀ ਲਈ ਜੋ ਦਰਵਾਜ਼ੇ ਵਿੱਚੋਂ ਆਉਂਦਾ ਹੈ ਅਤੇ ਉਸ ਤਰੀਕੇ ਨਾਲ ਸਿਖਾਉਂਦਾ ਹੈ ਜਿਸ ਤਰ੍ਹਾਂ ਤੁਸੀਂ ਵਿਸ਼ਵਾਸ ਕਰਦੇ ਹੋ, ਤਦ ਇਹ ਸਭ ਠੀਕ ਹੈ। ਪਰ, ਇੱਕ, ਤੁਸੀਂ—ਤੁਸੀਂ ਉਸਨੂੰ ਬਾਹਰ ਨਹੀਂ ਕੱਢੋਗੇ, ਪਰ ਤੁਸੀਂ ਉਸਨੂੰ ਆਪਣੇ ਭਾਈਚਾਰੇ ਵਿੱਚੋਂ ਬਾਹਰ ਕੱਢ ਦਿਓਗੇ। ਇਹ ਬਿਲਕੁਲ ਸਹੀ ਹੈ। ਔਹ, ਤੁਹਾਡੇ ਕੋਲ ਇਹ ਕਰਨ ਦਾ ਇੱਕ ਤਰੀਕਾ ਹੈ। ਇਸੇ ਤਰ੍ਹਾਂ ਪਰਮੇਸ਼ੁਰ ਕੋਲ ਵੀ ਇਸ ਨੂੰ ਕਰਨ ਦਾ ਇੱਕ ਤਰੀਕਾ ਹੈ। ਪਰ ਪਰਮੇਸ਼ੁਰ ਦੀ ਕਲੀਸਿਯਾ ਅੱਗੇ ਵਧੇਗੀ। ਅੱਗ ਦਾ ਥੰਮ ਇਸ ਲਈ ਖੜ੍ਹਾ ਨਹੀਂ ਹੋਵੇਗਾ।

*...ਸਾਰੀਆਂ ਮੇਜ਼ਾਂ ਉਲਟੀਆਂ ਨਾਲ ਭਰੀਆਂ ਹੋਈਆਂ ਹਨ...*

168 ਹੁਣ ਸੁਣੋ। ਹੁਣ ਇਹ ਤੁਹਾਨੂੰ ਇੱਕ ਮਿੰਟ ਵਿੱਚ ਹੈਰਾਨ ਕਰਨ ਦੇਵੇਗਾ। ਸੁਣੋ। ਮੈਂ ਵਚਨ ਪੜ੍ਹਾਂਗਾ। ਇਹ ਕੌਣ ਸੀ? ਨਬੀ, ਯਸਾਯਾਹ।

*...ਸਾਰੀਆਂ ਮੇਜ਼ਾਂ ਉਲਟੀਆਂ ਨਾਲ ਭਰੀਆਂ ਹੋਈਆਂ ਹਨ*...ਇਸ ਲਈ *ਇੱਥੇ ਕੁਝ ਵੀ ਸਾਫ਼ ਨਹੀਂ ਹੈ*, ਬਸ ਕੁੱਤੇ-ਦਾ-ਕੁੱਤਾ ਵੈਰੀ।

169 ਕਲੀਸਿਯਾ ਵਿੱਚ ਆਉਂਦੇ ਹਨ: ਔਰਤਾਂ ਆਪਣੇ ਵਾਲ ਕੱਟਦੀਆਂ ਹਨ, ਪਟੇ ਬਣਾਉਂਦੀਆਂ ਹਨ, ਨਿੱਕਰਾਂ ਪਹਿਣਦੀਆਂ ਹਨ, ਬਾਹਰ ਨਿਕਲਦੀਆਂ ਹਨ ਅਤੇ ਮਰਦਾਂ ਨੂੰ ਗਲੀ ਵਿੱਚ ਆਉਂਦੇ ਵੇਖਦੀਆਂ ਹਨ; ਵਿਹੜੇ ਦਾ ਘਾਹ ਕੱਟਦੀਆਂ ਹਨ, ਛੋਟੀਆਂ ਕੁੜੀਆਂ ਕਿਸੇ ਤੋਂ ਉਹ ਬੁੱਲ ਡੋਗ ਜਾਂ ਵੁਲਫ਼ ਸੀਟੀ ਸੁਣਨਾ ਚਾਹੁੰਦੀਆਂ ਹਨ, ਇਹ ਜੋ ਵੀ ਹੈ, ਤੁਹਾਨੂੰ ਪਤਾ ਹੈ, "ਵਿਸ਼-ਫਯੁ!" ਔਹ, ਤੁਸੀਂ ਸੋਚਦੀਆਂ ਹੋ ਕਿ ਤੁਸੀਂ ਖੂਬਸੂਰਤ ਹੋ, ਹੈ ਨਾ?

170 ਅਤੇ ਤੁਸੀਂ ਆਦਮੀ ਗਲੀ ਵਿੱਚ ਤੁਰਦੇ ਹੋ, ਤੁਹਾਡੇ ਮੂੰਹ ਵਿੱਚ ਸਿਗਾਰ ਹੁੰਦੀ ਹੈ, ਅਤੇ ਬੋਰਡ ਉੱਤੇ ਇੱਕ ਡੀਕਨ। ਤੁਸੀਂ ਇੱਕ ਸਿੰਗ ਵੱਢੇ ਟੈਕਸਾਸ ਬਲਦ ਵਾਂਗ ਦਿਖਾਈ ਦਿੰਦੇ ਹੋ। ਅਤੇ ਫਿਰ ਤੁਸੀਂ ਸੋਚਦੇ ਹੋ ਕਿ ਤੁਸੀਂ ਕੋਈ ਹੋ। ਇਹ ਬਿਲਕੁਲ ਸਹੀ ਹੈ। ਕੋਈ ਹੈਰਾਨੀ ਨਹੀਂ ਕਿ ਸਾਰੇ ਮੇਜ...ਚੱਲੋ ਅਤੇ ਭਾਈਚਾਰੇ ਦੀ ਸਾਂਝ ਲਓ, ਅਤੇ ਇਸ ਤਰ੍ਹਾਂ ਦਿਖਾਓ ਜਿਵੇਂ ਤੁਸੀਂ ਕੋਈ ਹੋ, ਅਤੇ ਸਾਰੇ ਹਫ਼ਤੇ ਦੇ ਵਿੱਚ, ਧੋਖਾ ਅਤੇ ਚੋਰੀ ਅਤੇ ਝੂਠ। ਤੁਹਾਨੂੰ ਕੀ ਤਕਲੀਫ਼ ਹੈ?

*...ਸਾਰੀਆਂ ਮੇਜ਼ਾਂ ਉਲਟੀਆਂ ਨਾਲ ਭਰੀਆਂ ਹੋਈਆਂ ਹਨ...*

171 "ਔਹ, ਮੈਂ ਪ੍ਰਭੂ ਭੋਜ ਲੈਂਦਾ ਹਾਂ। ਯਕੀਨਨ, ਅਸੀਂ ਇਸਨੂੰ ਆਪਣੀ ਕਲੀਸਿਯਾ ਵਿੱਚ ਕਰਦੇ ਹਾਂ। ਯਿਸੂ ਨੇ ਕਿਹਾ ਕਿ ਜੇਕਰ ਅਸੀਂ ਪ੍ਰਭੂ ਭੋਜ ਲਿਆ ਤਾਂ ਉਹ ਸਾਨੂੰ ਅੰਤਮ ਦਿਨਾਂ ਵਿੱਚ ਖੜਾ ਕਰੇਗਾ।"

172 ਪਰ, "ਜਿਹੜਾ ਅਯੋਗਤਾ ਨਾਲ ਖਾਂਦਾ ਅਤੇ ਪੀਂਦਾ ਹੈ, ਆਪਣੇ ਉੱਤੇ ਡੰਨ ਲਾਉਂਦਾ ਹੈ, ਪ੍ਰਭੂ ਦੇ ਸਰੀਰ ਦੀ ਜਾਂਚ ਨਹੀਂ ਕਰਦਾ। ਇਸੇ ਕਾਰਨ ਬਾਹਲੇ ਤੁਹਾਡੇ ਵਿੱਚ ਨਿਤਾਣੇ ਅਤੇ ਰੋਗੀ ਹਨ ਅਤੇ ਕਈਕੁ ਸੁੱਤੇ ਪਏ ਹਨ," ਪੁਰਾਣੀਆਂ, ਮਰੀਆਂ, ਰਸਮੀ ਕਲੀਸਿਯਾਵਾਂ। ਪਰਮੇਸ਼ੁਰ ਦੀ ਆਤਮਾ ਤੁਹਾਡੇ ਵਿੱਚੋਂ ਬਾਹਰ ਚਲੀ ਗਈ ਹੈ। ਅੱਗ ਦਾ ਥੰਮ ਹੋਰ ਨਹੀਂ ਹੈ। ਤੁਸੀਂ ਰੱਬੀ ਚੰਗਾਈ ਤੋਂ ਇਨਕਾਰ ਕਰਦੇ ਹੋ। ਤੁਸੀਂ ਪੁਨਰ-ਉਥਾਨ ਤੋਂ ਇਨਕਾਰ ਕਰਦੇ ਹੋ।

173 "ਔਹ," ਤੁਸੀ ਕਹਿੰਦੇ ਹੋ, "ਔਹ, ਉਹ ਮੁਰਦਿਆਂ ਵਿੱਚੋਂ ਜੀ ਉੱਠਿਆ, ਇਤਿਹਾਸਕ ਤੌਰ ਤੇ।" ਅੱਛਾ, ਜੇ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ, ਤਾਂ ਅੱਜ ਉਸ ਦੇ ਉਹੀ ਹੋਣ ਬਾਰੇ ਕੀ? ਤੁਸੀ ਕਹਿੰਦੇ ਹੋ, "ਔਹ, ਅਜਿਹਾ ਨਹੀਂ ਹੈ।" ਹੁਣ, ਉੱਥੇ ਤੁਸੀਂ ਹੋ। ਤੁਹਾਡੇ ਕੋਲ ਪੁਨਰ ਉਥਾਨ ਹੈ ਜਿਸ ਤਰ੍ਹਾਂ ਤੁਸੀਂ ਇਸ ਨੂੰ ਚਾਹੁੰਦੇ ਹੋ, ਅਤੇ ਪਰਮੇਸ਼ੁਰ ਇਸ ਨੂੰ ਉਸ ਤਰ੍ਹਾਂ ਕਰੇਗਾ ਜਿਸ ਤਰ੍ਹਾਂ ਉਹ ਚਾਹੁੰਦਾ ਹੈ।

174 ਪਰ, ਇਸਦੀ ਗੱਲ ਇਹ ਹੈ ਕਿ, ਬਾਈਬਲ ਨੇ ਕਿਹਾ, ਜੋ ਅਸੀਂ ਜਾਣਦੇ ਹਾਂ ਉਹ ਸੱਚ ਹੈ, ਉਹ ਵਚਨ ਨੂੰ ਪੱਕਿਆਂ ਕਰੇਗਾ। "ਅਤੇ ਜੋ ਕੰਮ ਮੈਂ ਕਰਦਾ ਹਾਂ ਤੁਸੀਂ ਵੀ ਉਹੀ ਕਰੋਗੇ। ਅਤੇ ਮੈਂ ਜਗਤ ਦੇ ਅੰਤ ਤੱਕ, ਹਮੇਸ਼ਾ ਤੁਹਾਡੇ ਨਾਲ ਰਹਾਂਗਾ।" "ਯਿਸੂ ਮਸੀਹ ਕੱਲ੍ਹ, ਅੱਜ ਅਤੇ ਸਦਾ ਲਈ ਇੱਕੋ ਜਿਹਾ ਹੈ।" ਇਹ ਉਹੀ ਹੈ ਜੋ ਬਚਨ ਨੇ ਕਿਹਾ ਹੈ।

175 ਹੁਣ ਸਬਤ ਕੀ ਹੈ?

> *...ਸਾਰੀਆਂ ਮੇਜ਼ਾਂ ਉਲਟੀਆਂ ਨਾਲ ਭਰੀਆਂ ਹੋਈਆਂ ਹਨ...*ਕੋਈ ਵੀ *ਸਾਫ਼ ਨਹੀਂ ਹੈ।*
>
> ਉਹ *ਕਿਹ ਨੂੰ ਗਿਆਨ ਸਿਖਾਵੇਗਾ?*

ਜਗਤ ਦਾ ਗਿਆਨ ਨਹੀਂ; ਆਤਮਿਕ ਗਿਆਨ!

> ਉਹ *ਕਿਹ ਨੂੰ ਗਿਆਨ ਸਿਖਾਵੇਗਾ?...ਅਤੇ ਕਿਹ ਨੂੰ ਪਰਚਾਰ ਦੀ...ਸਮਝ ਦੇਵੇਗਾ?*

176 "ਔਹ, ਮੁਬਾਰਕ ਪਰਮੇਸ਼ੁਰ, ਸਾਡੀ ਸੰਸਥਾ ਇਸ ਤੇ ਵਿਸ਼ਵਾਸ ਨਹੀਂ ਕਰਦੀ। ਉਹ ਇਸ ਨੂੰ ਬਰਦਾਸ਼ਤ ਨਹੀਂ ਕਰਨਗੇ।" ...ਪਰਵਾਹ ਨਾ ਕਰੋ ਕਿ ਤੁਹਾਡੀ ਸੰਸਥਾ ਕੀ ਮੰਨਦੀ ਹੈ। ਪਰ ਪਰਮੇਸ਼ੁਰ ਦਾ ਬਚਨ ਇਸ ਬਾਰੇ

ਕੀ ਕਹਿੰਦਾ ਹੈ? "ਔਹ, ਠੀਕ ਹੈ, ਤੁਸੀਂ ਜਾਣਦੇ ਹੋ, ਸਾਡੇ ਪਾਦਰੀ, ਪੜ੍ਹੇ-ਲਿਖੇ ਹਨ।" ਔਹ, ਯਕੀਨਨ। ਯਕੀਨਨ, ਇੰਨੀ ਸਿੱਖਿਆ ਪ੍ਰਾਪਤ ਕੀਤੀ ਹੈ, ਕਿ ਉਨ੍ਹਾਂ ਨੇ ਪਰਮੇਸ਼ੁਰ ਨੂੰ ਇਸ ਵਿੱਚੋਂ ਬਾਹਰ ਕੱਢ ਦਿੱਤਾ ਹੈ। ਸੱਚਮੁੱਚ, ਕਿਉਂਕਿ ਤੁਸੀਂ ਉਨ੍ਹਾਂ ਨੂੰ ਬਚਨ ਦੱਸ ਸਕਦੇ ਹੋ ਅਤੇ ਉਹ ਆਲੇ-ਦੁਆਲੇ ਘੁੰਮਣਗੇ ਅਤੇ ਕਹਿਣਗੇ, "ਅੱਛਾ, ਮੈਂ ਇਸ ਨੂੰ ਇਸ ਤਰ੍ਹਾਂ ਨਹੀਂ ਮੰਨਦਾ।" ਔਹ, ਤੁਸੀਂ ਜਨਾਨਕੀ ਚੀਜ਼ ਹੋ! ਮੈਂ ਤੁਹਾਨੂੰ ਦੱਸਦਾ ਹਾਂ।

177 ਇੱਥੇ ਦੇਖੋ।

> ...ਉਹ *ਕਿਹ ਨੂੰ...ਗਿਆਨ* ਸਿਖਾਵੇਗਾ? *ਕੀ ਓਹਨਾਂ ਨੂੰ ਜਿਨ੍ਹਾਂ ਦਾ* ਦੁੱਧ *ਛੁਡਾਇਆ ਗਿਆ, ਯਾ...ਜਿਨ੍ਹਾਂ ਦਾ ਦੁੱਧ ਛੁਡਾਇਆ ਗਿਆ ਯਾ ਜਿਹੜੇ ਦੁੱਧੀਆਂ ਤੋਂ ਅੱਡ ਕੀਤੇ ਗਏ?*

178 ਕਿਸੇ ਦਿਨ, ਮੇਰਾ ਇੱਕ ਗੁਆਂਢੀ ਆਇਆ। ਉਸ ਨੇ ਕਿਹਾ, "ਬਿਲੀ, ਇੱਥੇ ਸ਼ਹਿਰ ਵਿੱਚ ਇੱਕ ਖਾਸ ਪਾਦਰੀ, ਸਭ ਤੋਂ ਪਿਆਰਾ ਛੋਟਾ ਵਿਅਕਤੀ ਜੋ ਤੁਸੀਂ ਕਦੇ ਦੇਖਿਆ ਹੋਵੇਗਾ..." ਕਿਹਾ, "ਮੈਂ ਅਤੇ ਪਤਨੀ ਆਪਣੇ ਪਜਾਮੇ ਪਾ ਕੇ, ਅੱਧੀ ਰਾਤ ਦੇ ਕਰੀਬ ਬੈਠੇ ਹੋਏ ਸੀ, ਅਤੇ ਉਹ ਛੋਟਾ ਪਾਦਰੀ ਅੰਦਰ ਆਇਆ ਅਤੇ ਉਹ—ਉਹ—ਉਸਨੇ ਸਾਡੇ ਨਾਲ ਕੁਝ ਕੌਫੀ ਪੀਤੀ ਅਤੇ ਉਹ ਦੂਜੇ ਗੁਆਂਢੀ ਦੇ ਘਰ ਗਿਆ, ਅਤੇ ਉਸਨੇ ਉਨ੍ਹਾਂ ਨਾਲ ਹੱਥ ਮਿਲਾਇਆ। ਉਹ ਥੋੜੀ ਜਿਹੀ ਤਾਸ਼ ਖੇਡ ਰਹੇ ਸਨ, ਅਤੇ ਉਹ ਹੇਠਾਂ ਬਹਿ ਗਿਆ ਅਤੇ ਉਨ੍ਹਾਂ ਨਾਲ ਤਾਸ਼ ਖੇਡੀ।" ਕਿਹਾ, "ਔਹ, ਉਹ ਸਭ ਤੋਂ ਮਿਲਨਸਾਰ ਬਣਦਾ ਸੀ ਜੋ ਉਸਨੇ ਕਦੇ ਦੇਖਿਆ ਹੈ।" ਕਿਹਾ, "ਔਹ, ਅਸੀਂ ਉਸਨੂੰ ਪਿਆਰ ਕਰਦੇ ਹਾਂ। ਅਸੀਂ ਉਸਨੂੰ ਕਿਸੇ ਵੀ ਗੱਲੋਂ ਨਹੀਂ ਛੱਡਾਂਗੇ।"

179 ਮੈਂ ਉੱਥੇ ਥੋੜਾ ਜਿਹਾ ਖੜ੍ਹਾ ਰਿਹਾ, ਮੈਂ ਸੋਚਿਆ, "ਅੱਛਾ?"

180 ਉਸ ਨੇ ਕਿਹਾ, "ਔਹ, ਕੀ ਤੁਸੀਂ ਨਹੀਂ ਸੋਚਦੇ ਕਿ ਹਰ ਕਲੀਸਿਯਾ ਨੂੰ ਅਜਿਹੇ ਆਦਮੀ ਦੀ ਲੋੜ ਹੈ?" ਹੂੰ! ਮੈਂ ਇਸਦਾ ਜਵਾਬ ਨਹੀਂ ਦੇ ਸਕਿਆ। ਉਸ ਨੇ ਕਿਹਾ, "ਇੱਕ ਹੋਰ ਛੋਟੀ ਜਿਹੀ ਜਗ੍ਹਾ ਵਿੱਚ," ਕਿਹਾ, "ਉਨ੍ਹਾਂ ਕੋਲ ਅਜਿਹੀ ਸੁੰਦਰ ਜਗ੍ਹਾ ਸੀ। ਇਹ ਸੇਵਕ ਅਤੇ ਉਸ ਦੀ ਪਤਨੀ, ਪਿਆਰੇ ਲੋਕ, ਬਾਹਰ ਚਲੇ ਗਏ ਅਤੇ ਬੱਚਿਆਂ ਨਾਲ ਇੰਨਾ ਚਿਰ ਗੱਲਾਂ ਕਰਦੇ ਰਹੇ ਜਦੋਂ ਤੱਕ ਉਹ ਇੱਕ—ਇੱਕ ਬਾਈਬਲ ਸਕੂਲ ਬਣ ਗਿਆ।" ਅਤੇ ਕਿਹਾ, "ਉਨ੍ਹਾਂ ਕੋਲ ਬਹੁਤ ਸਾਰੇ ਸਨ, ਬਸ ਛੋਟੇ ਬੱਚਿਆਂ ਨਾਲ ਉਹ ਭਰ ਗਿਆ।" ਕਿਹਾ, "ਮੇਰੇ, ਉਹ ਛੋਟੇ ਬੱਚਿਆਂ ਨੂੰ ਹਰ ਤਰ੍ਹਾਂ ਦੀਆਂ ਛੋਟੀਆਂ ਕਹਾਣੀਆਂ ਸੁਣਾ ਸਕਦਾ ਹੈ।"

181 ਮੈਂ ਕਿਹਾ, "ਵਧੀਆ ਹੈ। ਇਹ ਬਹੁਤ ਵਧੀਆ ਹੈ।"

182 ਮੈਂ ਵਾਪਸ ਚਲਾ ਗਿਆ। ਮੈਂ ਹੁਣੇ ਕੈਨੇਡਾ ਤੋਂ ਆਇਆ ਹਾਂ। ਮੈਂ ਸੋਚਿਆ, "ਮੈਂ ਇੱਥੇ ਹਾਂ। ਮੇਰੇ! ਲੋਕ...ਮੇਰੇ ਨਾਲ ਕੀ ਪਰੇਸ਼ਾਨੀ ਹੈ? ਮੈਂ ਅਜਿਹਾ ਨਹੀਂ ਕਰਦਾ।" ਮੈਂ ਆਪਣੀ ਕਾਰ ਧੋਣ ਗਿਆ। ਮੈਂ ਸੋਚਿਆ, "ਪਰਮੇਸ਼ੁਰ, ਮੈਂ ਇੱਕ ਬੁੱਢਾ ਆਦਮੀ ਬਣਨ ਜਾ ਰਿਹਾ ਹਾਂ, ਅਤੇ ਮੈਂ ਇੱਥੇ ਹਾਂ। ਮੈਂ ਲੜਿਆ। ਮੈਂ ਰੋਇਆ। ਮੈਂ ਬੇਨਤੀ ਕੀਤੀ। ਅਤੇ ਜੋ ਵੀ ਮੈਨੂੰ ਮਿਲਦਾ ਹੈ ਉਸ ਲਈ ਕੁਫ਼ਰ ਬਕਿਆ ਜਾਂਦਾ ਹੈ।"

183 ਕੁਝ ਵੀ, ਕੋਈ ਤੁਹਾਡੇ ਬਾਰੇ ਕੁਝ ਬੁਰਾ ਕਹੇ, "ਔਹ, ਬੁੱਢਾ ਪਵਿੱਤਰ-ਪਖੰਡੀ," ਕੁਝ ਇਸ ਤਰ੍ਹਾਂ।

184 ਮੈਂ ਇਸ ਬਾਰੇ ਸੋਚਿਆ। ਅਤੇ ਇੱਕ ਅਵਾਜ਼ ਮੇਰੇ ਕੋਲ ਆਈ, ਕਿਹਾ, "ਉਹ ਲੋਕ ਠੀਕ ਹਨ ਜੇਕਰ ਉਹ ਅਜਿਹਾ ਕਰ ਰਹੇ ਹਨ, ਪਰ ਮੈਂ ਤੈਨੂੰ ਅਜਿਹਾ ਕਰਨ ਲਈ ਕਦੇ ਨਹੀਂ ਬੁਲਾਇਆ। ਮੈਂ ਤੈਨੂੰ ਤਲਵਾਰ ਫੜਨ ਅਤੇ ਯਹੋਸ਼ੁਆ ਵਾਂਗ ਉਥੇ ਖੜ੍ਹੇ ਹੋ ਕੇ ਚੁਣੌਤੀ ਦੇਣ ਲਈ ਬੁਲਾਇਆ ਹੈ, ਭਾਈ। ਕਿਸੇ ਪੁਰਾਣੇ ਸਮਾਜ ਜਾਂ ਕਿਸੇ ਕਲੀਸਿਯਾ ਦੇ ਸੰਗਠਨ ਨਾਲ ਸਮਾਂ ਬਰਬਾਦ ਕਰਨ ਲਈ ਨਹੀਂ, ਪਰ ਸ਼ੈਤਾਨ ਨੂੰ ਚੁਣੌਤੀ ਦੇਣ ਲਈ। ਸਭ ਤੋਂ ਅੱਗੇ ਖੜੇ ਹੋਣ ਲਈ, ਸਹੀ ਨੂੰ ਸਹੀ ਅਤੇ ਗਲਤ ਨੂੰ ਗਲਤ ਕਹਿਣ ਲਈ। ਬਚਨ ਦਾ ਪ੍ਰਚਾਰ ਕਰਨ ਲਈ ਅਤੇ ਇਹ ਵੇਖਣ ਲਈ ਕਿ ਇਸ ਨੂੰ ਸਵੀਕਾਰ ਕਰਨ ਲਈ ਵਿਸ਼ਵਾਸ ਕਿਸ ਨੂੰ ਮਿਲਿਆ ਹੈ। ਉਸ ਨੂੰ ਉੱਥੇ ਬਾਹਰ ਰੱਖ।"

185 ਮੈਂ ਉਸ ਕਾਰ ਨੂੰ ਤੇਜ਼ੀ ਨਾਲ, ਪੂਰਾ ਸਮਾਂ, ਧੋਂਦਾ ਰਿਹਾ। ਮੈਂ ਕਿਹਾ, "ਤੁਹਾਡਾ ਧੰਨਵਾਦ, ਪ੍ਰਭੂ। ਤੁਹਾਡਾ ਧੰਨਵਾਦ, ਪ੍ਰਭੂ।" ਫਿਰ ਚੰਗਾ ਮਹਿਸੂਸ ਕੀਤਾ। "ਇਹ ਸਭ ਠੀਕ ਹੈ, ਪ੍ਰਭੂ, ਮੈਂ ਉਸਨੂੰ ਥੋੜਾ ਜਿਹਾ ਕੱਸ ਕੇ ਫੜਨਾ ਚਾਹੁੰਦਾ ਹਾਂ, ਅਤੇ ਮੈਂ ਇਸਨੂੰ ਆਪਣੇ ਹੱਥ ਵਿੱਚ ਲੈ ਕੇ ਮਰਨਾ ਚਾਹੁੰਦਾ ਹਾਂ।"

...ਉਹ ਕਿਹ ਨੂੰ *ਗਿਆਨ* ਸਿਖਾਵੇਗਾ? (ਸੁਣੋ।)

*...ਮੇਜ਼ਾਂ ਤਾਂ ਉਲਟੀਆਂ ਨਾਲ ਭਰੀਆਂ ਹੋਈਆਂ ਹਨ...*

*...ਕੀ ਓਹਨਾਂ ਨੂੰ ਜਿਨ੍ਹਾਂ ਦਾ ਦੁੱਧ ਛੁਡਾਇਆ ਗਿਆ, ਯਾ ਜਿਹੜੇ ਦੁੱਧੀਆਂ ਤੋਂ ਅੱਡ ਕੀਤੇ ਗਏ*

ਹੁਣ ਦੇਖੋ।

*ਬਿਧ ਤੇ—ਤੇ ਬਿਧ, ਬਿਧ ਤੇ ਬਿਧ;...ਸੂਤ੍ਰ ਤੇ ਸੂਤ੍ਰ, ਸੂਤ੍ਰ ਤੇ ਸੂਤ੍ਰ;ਥੋੜਾ ਐਥੇ, ਥੋੜਾ ਉੱਥੇ:*

*ਥਥਲੇ ਬੁੱਲਾਂ ਅਤੇ ਓਪਰੀ ਜ਼ਬਾਨ ਦੇ ਰਾਹੀਂ ਮੈਂ ਇਸ ਪਰਜਾ ਨਾਲ ਬੋਲਾਂਗਾ,*

*ਜਿੰਨ੍ਹਾਂ ਨੂੰ ਓਸ ਆਖਿਆ, ਏਹ ਸਬਤ ਹੈ, ਜਿੱਥੇ ਤੁਸੀਂ ਹੁੱਸੇ ਹੋਏ ਨੂੰ ਅਰਾਮ ਦਿਓ;... ਅਤੇ ਚੈਨ ਏਹ ਹੈ: ਪਰ ਓਹਨਾਂ ਨੇ ਸੁਣਨਾ ਨਾ ਚਾਹਿਆ।*

ਕਿਉਂਕਿ ***ਪ੍ਰਭੂ*** *ਦਾ ਬਚਨ ਉਨ੍ਹਾਂ ਕੋਲ ਆਇਆ* (ਕਿਸੇ ਨੇ ਇਸਦਾ ਪ੍ਰਚਾਰ ਕੀਤਾ।) *ਬਿਧ ਤੇ ਬਿਧ,...ਬਿਧ ਤੇ ਬਿਧ; ਸੂਤ੍ਰ ਤੇ ਸੂਤ੍ਰ,... ਸੂਤ੍ਰ ਤੇ ਸੂਤ੍ਰ; ਥੋੜਾ ਐਥੇ, ਥੋੜਾ ਉੱਥੇ; ਭਈ ਓਹ ਚੱਲੇ ਜਾਣ, ਤੇ ਪਿਛਾਹਾਂ ਡਿੱਗ ਪੈਣ, ਅਤੇ ਤੋੜੇ ਜਾਣ, ਤੇ ਫੱਸ ਕੇ, ਫੜੇ ਜਾਣ।*

186 ਅਰਾਮ ਕੀ ਹੈ? ਅਰਾਮ ਕਦੋਂ ਆਇਆ? ਜਦੋਂ ਲੋਕ ਦੂਜੀਆਂ ਜ਼ੁਬਾਨਾਂ ਵਿੱਚ ਗੱਲ ਕਰਦੇ ਸਨ ਅਤੇ ਉਹਨਾਂ ਦੇ ਬੁੱਲ੍ਹ ਥਥਲਾਉਂਦੇ ਸਨ। ਥਥਲਾਉਂਦੇ ਬੁੱਲ੍ਹ; ਉਹ ਕੁਝ ਨਹੀਂ ਬੋਲੇ। ਉਹ ਥਥਲਾਉਂਦੇ ਸਨ। ਇਹ ਕਦੋਂ ਹੋਇਆ? ਪੰਤੇਕੁਸਤ ਦੇ ਦਿਨ, ਜਦੋਂ ਪਵਿੱਤਰ ਆਤਮਾ ਆਇਆ। ਇਹ ਅਰਾਮ ਹੈ: ਪਵਿੱਤਰ ਆਤਮਾ। ਯਿਸੂ ਨੇ ਕਿਹਾ, "ਮੇਰੇ ਕੋਲ ਆਓ, ਤੁਸੀਂ ਸਾਰੇ ਥੱਕੇ ਹੋਏ ਅਤੇ ਭਾਰ ਤੇ ਬੋਝ ਹੇਠ ਦੱਬੇ ਹੋਏ, ਅਤੇ ਮੈਂ ਤੁਹਾਨੂੰ ਅਰਾਮ ਦਿਆਂਗਾ। ਮੈਂ ਤੁਹਾਨੂੰ ਜੀਵਨ, ਸਦੀਪਕ ਜੀਵਨ ਦੇਵਾਂਗਾ," *ਜ਼ੋਇ*, ਪਰਮੇਸ਼ੁਰ ਦਾ ਆਪਣਾ ਜੀਵਨ। ਪਰਮੇਸ਼ੁਰ ਤੁਹਾਡੇ ਅੰਦਰ ਆਵੇਗਾ ਅਤੇ ਤੁਹਾਡਾ ਹਿੱਸਾ ਬਣ ਜਾਵੇਗਾ। ਉਹ ਤੁਹਾਨੂੰ ਜਨਮ ਦੇਵੇਗਾ ਅਤੇ ਤੁਹਾਨੂੰ ਪੁੱਤਰ ਅਤੇ ਧੀ ਬਣਾਵੇਗਾ।

187 ਹੁਣ ਦੇਖੋ। ਇਹ ਉਹ ਤੀਸਰਾ ਅਰਾਮ ਸੀ ਜੋ ਉਸਨੇ ਦਿੱਤਾ ਸੀ। ਪਹਿਲਾ: ਪਰਮੇਸ਼ੁਰ ਨੇ ਆਪਣੇ ਕੰਮ ਮੁਕਾ ਕੇ ਕੀਤਾ। ਦੂਜਾ: ਇਜ਼ਰਾਈਲੀਆਂ ਨੇ ਇਸਨੂੰ, ਸ਼ਰਾ ਵਿੱਚ ਪ੍ਰਾਪਤ ਕੀਤਾ। ਤੀਜਾ: ਕਲੀਸਿਯਾ ਨੇ ਇਸਨੂੰ, ਪਰਮੇਸ਼ੁਰ ਦੇ ਹਿੱਸੇ ਵਜੋਂ ਪ੍ਰਾਪਤ ਕੀਤਾ।

188 ਤਿੰਨ ਜੀਵਨ ਦੀ ਸੰਖਿਆ ਹੈ। ਇਹ ਕਿੰਨੇ ਕੁ ਜਾਣਦੇ ਹਨ? ਹਰ ਵਾਰ ਜਦੋਂ ਤੁਸੀਂ ਤਿੰਨ ਦੇਖਦੇ ਹੋ, ਇਹ ਜੀਵਨ ਹੈ। ਧਿਆਨ ਦਿਓ, ਜਦੋਂ ਪਰਮੇਸ਼ੁਰ ਨੇ ਧਰਤੀ ਨੂੰ ਬਣਾਇਆ, ਤੀਜੇ ਦਿਨ ਜੀਵਨ ਸੀ। ਇਹ ਕਿੰਨੇ ਕੁ ਜਾਣਦੇ ਹਨ? ਤੀਜੇ ਦਿਨ। ਸ੍ਰਿਸ਼ਟੀ ਦੇ ਤੀਜੇ ਦਿਨ ਜੀਵਨ ਆਇਆ।

ਤ੍ਰਿਏਕਤਾ: ਪਿਤਾ ਲੋਕਾਂ ਤੋਂ ਉੱਪਰ ਸੀ, ਅੱਗ ਦੇ ਇੱਕ ਥੰਮ੍ਹ ਵਿੱਚ; ਪੁੱਤਰ ਇੱਕ ਮਨੁੱਖ ਸੀ, ਜਿਸ ਨੇ ਲੋਕਾਂ ਨਾਲ ਗੱਲ ਕੀਤੀ ਅਤੇ ਉਨ੍ਹਾਂ ਨੂੰ ਤਿਆਰ ਕੀਤਾ; ਪਵਿੱਤਰ ਆਤਮਾ ਤੀਜਾ ਕਦਮ ਸੀ, ਜੋ ਪਵਿੱਤਰ ਆਤਮਾ, ਲੋਕਾਂ ਵਿੱਚ ਪਰਮੇਸ਼ੁਰ ਸੀ। ਜੀਵਨ! ਪਿਤਾ, ਪੁੱਤਰ...

ਪਰਮੇਸ਼ੁਰ ਦਾ, ਅਰਾਮ; ਅਰਾਮ, ਇਸਰਾਏਲ ਦਾ; ਅਤੇ ਕਲੀਸਿਯਾ, ਦਾ ਅਰਾਮ, ਸਬਤ-ਰੱਖਣਾ ਸੀ।

189 ਇਸ ਲਈ, ਜੇਕਰ ਤੁਸੀਂ ਕਦੇ ਵੀ ਪਵਿੱਤਰ ਆਤਮਾ ਪ੍ਰਾਪਤ ਨਹੀਂ ਕੀਤਾ ਹੈ, ਅਜੇ ਤਕ, ਤਾਂ ਤੁਸੀਂ ਕਦੇ ਵੀ ਪਰਮੇਸ਼ੁਰ ਦੇ ਅਰਾਮ ਵਿੱਚ ਦਾਖਲ ਨਹੀਂ ਹੋਏ। ਤੁਹਾਨੂੰ ਕਹਿਣ ਦੀ ਲੋੜ ਨਹੀਂ ਹੈ, "ਔਹ, ਮੈਂ ਨਹੀਂ ਕਰ ਸਕਿਆ। ਮੈਂ ਸਿਗਰਟ ਪੀਣਾ ਚਾਹੁੰਦਾ ਹਾਂ। ਮੈਂ—ਮੈਂ ਬਸ ਇਹ ਨਹੀਂ ਕਰ ਸਕਿਆ; ਮੈਂ ਇੱਕ ਮਸੀਹੀ ਹਾਂ। ਮੈਂ ਅਸਲ ਵਿੱਚ ਪੀਣਾ ਨਹੀਂ ਚਾਹੁੰਦਾ, ਪਰ ਮੈਂ ਇੱਕ ਮਸੀਹੀ ਹਾਂ। ਮੈਂ ਬੱਸ ਨਹੀਂ ਕਰ ਸਕਦਾ, ਪੀਣਾ ਨਹੀਂ ਚਾਹੁੰਦਾ, ਪਰ ਫਿਰ ਵੀ ਮੈਨੂੰ ਪਸੰਦ ਹੈ।"

190 ਜੇ ਤੁਸੀਂ ਔਰਤਾਂ ਲਈ ਬੁਰੀ ਇੱਛਿਆ ਰੱਖਦੇ ਹੋ, ਜੇ ਤੁਸੀਂ ਇਹ ਸਾਰੇ ਅਧਰਮੀ ਕੰਮ ਕਰਦੇ ਹੋ, ਤਾਂ ਤੁਸੀਂ ਅਜੇ ਤੱਕ ਉਸ ਅਰਾਮ ਦੇ ਦੌਰ ਵਿੱਚ ਨਹੀਂ ਪਹੁੰਚੇ ਹੋ। ਤੁਸੀਂ ਕਦੇ ਵੀ ਆਪਣੇ ਅਰਾਮ ਵਿੱਚ ਦਾਖਲ ਨਹੀਂ ਹੋਏ ਹੋ।

191 ਅਤੇ ਜਦੋਂ ਤੁਸੀਂ ਇਸ ਅਰਾਮ ਵਿੱਚ ਪ੍ਰਵੇਸ਼ ਕਰਦੇ ਹੋ, ਤਾਂ ਤੁਸੀਂ ਆਪਣੇ ਸੰਸਾਰਕ ਕੰਮਾਂ ਤੋਂ ਵਿਹਲੇ ਹੋ ਜਾਂਦੇ ਹੋ, ਜਿਵੇਂ ਪਰਮੇਸ਼ੁਰ ਆਪਣੇ ਕੰਮਾਂ ਤੋਂ ਹੋਇਆ ਸੀ। ਕਿਉਂ? ਤੁਸੀਂ ਪਰਮੇਸ਼ੁਰ ਦਾ ਹਿੱਸਾ ਹੋ। ਤੁਸੀਂ ਅਰਾਮ ਕਰਦੇ ਹੋ, ਸਦਾ ਲਈ। ਉਥੇ ਤੁਸੀਂ ਹੋ। ਇਹ ਸਬਤ ਹੈ। "ਮੇਰੇ ਕੋਲ ਆਓ, ਹੇ ਸਾਰੇ ਥੱਕੇ ਹੋਇਓ।"

> *ਅੱਜ,* ਉਸਨੇ ਇੱਕ *ਨਿਸ਼ਚਿਤ ਦਿਨ ਸੀਮਿਤ ਕੀਤਾ,...ਇੰਨੇ ਚਿਰ ਮਗਰੋਂ,* ਦਾਊਦ ਦੀ ਜਬਾਨੀ;...ਜਦੋਂ ਤੁਸੀਂ *ਉਸਦੀ ਅਵਾਜ਼ ਸੁਣੋ, ਤਾਂ ਆਪਣੇ ਦਿਲਾਂ ਨੂੰ ਕਠੋਰ ਨਾ ਕਰੋ।*

192 ਇੱਥੇ ਹੁਣ ਇੱਕ ਜਾਂ ਦੋ ਸ਼ਬਦ ਹੋਰ, ਅਸੀਂ ਬੰਦ ਕਰਾਂਗੇ।

> *ਕਿਉਂਕਿ ਉਹ ਜਿਹੜਾ* ਮਸੀਹ ਦੇ *ਅਰਾਮ ਵਿੱਚ ਦਾਖਲ ਹੋਇਆ ਹੈ,...*

> *ਹੇ ਸਾਰੇ ਥੱਕੇ ਹੋਇਓ, ਅਤੇ...ਭਾਰ ਹੇਠ ਦੱਬੇ ਹੋਇਓ* ਤੁਸੀਂ ਮੇਰੇ *ਕੋਲ ਆਓ...*

> ...ਤੁਸੀਂ *ਆਪਣੇ ਕੰਮਾਂ ਤੋਂ ਵਿਹਲੇ* ਹੋ ਗਏ ਹੋ, ਜਿਵੇਂ ਪਰਮੇਸ਼ੁਰ ਆਪਣੇ ਕੰਮਾਂ ਤੋਂ ਹੋਇਆ ਸੀ, ਸੱਤਵੇਂ ਦਿਨ।

ਤੁਹਾਡਾ ਸ਼ਾਇਦ ਤੀਹਵਾਂ ਸਾਲ, ਚਾਲੀਵਾਂ ਸਾਲ, ਪੰਜਵਾਂ ਸਾਲ, ਜੋ ਵੀ ਹੋਵੇ। ਤੁਸੀਂ ਆਪਣੇ ਕੰਮਾਂ ਤੋਂ ਵਿਹਲੇ ਹੋ ਗਏ ਹੋ, ਜਿਵੇਂ ਪਰਮੇਸ਼ੁਰ ਆਪਣੇ ਕੰਮਾਂ ਤੋਂ ਹੋਇਆ ਸੀ, ਹਮੇਸ਼ਾ ਲਈ। ਤੁਸੀਂ ਹੁਣ ਸੰਸਾਰ ਦੀਆਂ ਚੀਜ਼ਾਂ ਦੀ ਇੱਛਾ ਨਹੀਂ ਰੱਖਦੇ। ਦੁਨੀਆਂ ਤੁਹਾਡੇ ਲਈ ਮਰ ਗਈ ਹੈ।

193 ਹੁਣ, 11ਵੀਂ ਆਇਤ ਹੁਣ, ਧਿਆਨ ਨਾਲ।

*ਸੋ ਆਓ ਅਸੀਂ ਓਸ ਅਰਾਮ ਵਿੱਚ ਵੜਨ ਦਾ ਜਤਨ ਕਰੀਏ,* (*ਇਹ* ਨਹੀਂ, *ਇਹ* ਨਹੀਂ, ਪਰ *ਇਹ*), *ਭਈ ਕੋਈ ਉਨ੍ਹਾਂ ਵਾਂਙੁ ਅਣਆਗਿਆਕਾਰੀ ਦੇ ਕਾਰਨ ਡਿੱਗ ਨਾ ਪਵੇ।*

194 ਇਹ ਕੀ ਹੈ? ਅੱਗ ਦਾ ਥੰਮ੍ਹ ਇੱਥੇ ਹੈ। ਪ੍ਰਭੂ ਦਾ ਦੂਤ ਸਾਡੇ ਨਾਲ ਹੈ। ਉਹ ਉਹੀ ਕੰਮ ਕਰ ਰਿਹਾ ਹੈ ਜੋ ਉਸਨੇ ਕਿਹਾ ਸੀ ਕਿ ਉਹ ਕਰੇਗਾ। ਅਤੇ ਲੋਕ ਏਧਰ-ਓਧਰ ਲੜਖੜਾਉਂਦੇ ਹਨ, ਕਹਿੰਦੇ ਹਨ, "ਔਹ, ਠੀਕ ਹੈ, ਮੇਰਾ ਅੰਦਾਜ਼ਾ ਹੈ ਕਿ ਇਹ ਸਭ ਠੀਕ ਹੈ। ਇਹ ਬਹੁਤ ਵਧੀਆ ਹੈ। ਔਹ, ਮੇਰਾ ਅੰਦਾਜ਼ਾ ਹੈ ਕਿ ਇਹ ਠੀਕ ਹੈ।" ਸਾਵਧਾਨ ਰਹੋ ਕਿ ਤੁਸੀਂ ਅਵਿਸ਼ਵਾਸ ਦੇ ਉਸੇ ਫੰਦੇ ਵਿੱਚ ਨਾ ਫਸੋ। ਤੁਸੀਂ ਇਸ ਨੂੰ ਆਪਣੇ ਸਾਰੇ ਦਿਲ ਨਾਲ ਸਵੀਕਾਰ ਕਰੋ।

195 ਦੇਖੋ।

*ਕਿਉਂ ਜੋ ਪਰਮੇਸ਼ੁਰ ਦਾ ਬਚਨ* (ਕਲੀਸਿਯਾ ਦਾ ਸਿਧਾਂਤ ਨਹੀਂ), *ਪਰਮੇਸ਼ੁਰ ਦਾ ਬਚਨ* ਜੀਉਂਦਾ, *ਅਤੇ ਗੁਣਕਾਰ,...ਹਰੇਕ ਦੋ ਧਾਰੀ ਤਲਵਾਰ ਨਾਲੋਂ ਤਿੱਖਾ,* (ਸੁਣੋ), *ਜੀਵ ਅਤੇ ਆਤਮਾ ਨੂੰ...ਅਰ ਬੰਦ ਬੰਦ, ਅਤੇ ਗੁੱਦੇ ਨੂੰ,...ਅੱਡੋ ਅੱਡ ਕਰ ਕੇ ਵਿੰਨ੍ਹ ਸੁੱਟਦਾ ਹੈ ਅਤੇ...* (ਸੁਣੋ), *ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਚ ਲੈਂਦਾ ਹੈ।*

ਉਹ ਕੀ ਸੀ? ਪਵਿੱਤਰ ਆਤਮਾ ਆ ਕੇ ਕਹਿ ਸਕਦਾ ਹੈ, "ਤੁਸੀਂ ਇੱਕ ਫਲਾਣਾ-ਫਲਾਣਾ ਕੰਮ ਕੀਤਾ ਹੈ। ਅਤੇ ਤੁਸੀਂ *ਇਹ* ਕੀਤਾ ਅਤੇ *ਉਹ* ਕੀਤਾ। ਤੁਹਾਨੂੰ *ਇਸ* ਕਿਸਮ ਦੀ ਬਿਮਾਰੀ ਹੈ, ਅਤੇ *ਉਹ*। ਜੇ ਤੁਸੀਂ *ਇਸ* ਨੂੰ ਸਹੀ ਕਰਦੇ ਹੋ, ਤਾਂ ਤੁਸੀਂ *ਉਹ* ਕਰੋਗੇ।" ਵੇਖਿਆ? ਵਿਚਾਰਾਂ ਨੂੰ ਜਾਂਚਣ ਵਾਲਾ।

196 ਅਤੇ ਲੋਕ ਕਹਿੰਦੇ ਹਨ, "ਉਹ ਕੀ ਹੈ? ਕਿਉਂ, ਇਹ ਮਾਨਸਿਕ ਟੈਲੀਪੈਥੀ ਹੈ। ਕਿਉਂ, ਇਹ ਇੱਕ...ਉਹ ਇੱਕ ਭਵਿੱਖ-ਦੱਸਣ ਵਾਲਾ ਹੈ।" ਸਮਝੇ ਮੇਰਾ ਕੀ ਮਤਲਬ ਹੈ? ਇਹ ਇੱਕ ਦੁਸ਼ਟ, ਪੁਰਾਣੀ ਵਿਭਚਾਰੀ ਦੁਨੀਆਂ ਹੈ ਜੋ ਪਰਮੇਸ਼ੁਰ ਨੂੰ ਨਹੀਂ ਜਾਣਦੀ।

197 "ਇਹ ਦੋ ਧਾਰੀ ਤਲਵਾਰ ਨਾਲੋਂ ਤਿੱਖਾ, ਵਿਚਾਰਾਂ ਨੂੰ ਜਾਂਚਣ ਵਾਲਾ, ਵਧੇਰੇ ਸ਼ਕਤੀਸ਼ਾਲੀ ਹੈ, ਅਤੇ ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਚ ਲੈਂਦਾ ਹੈ।"

ਹੁਣ, ਇਹ ਕੀ ਹੈ ਜੋ ਦਿਲ ਦੀਆਂ ਧਾਰਨਾਂ ਨੂੰ ਜਾਣਦਾ ਹੈ? ਪਰਮੇਸ਼ੁਰ। ਤੁਸੀਂ ਕਹੋਗੇ, "ਅੱਛਾ, ਬਾਈਬਲ ਕਹਿੰਦੀ ਹੈ, 'ਪਰਮੇਸ਼ੁਰ ਦਾ ਬਚਨ।'" ਪਰਮੇਸ਼ੁਰ ਦਾ ਬਚਨ ਪਰਮੇਸ਼ੁਰ ਹੈ।

*ਆਦ ਵਿੱਚ ਸਬਦ ਸੀ,...ਸਬਦ ਪਰਮੇਸ਼ੁਰ ਦੇ ਨਾਲ ਸੀ ਅਤੇ ਸਬਦ ਹੀ ਪਰਮੇਸ਼ੁਰ ਸੀ।*

*ਅਤੇ ਸਬਦ ਦੇਹਧਾਰੀ ਹੋਇਆ, ਅਤੇ ਸਾਡੇ ਵਿੱਚ ਵਾਸ ਕੀਤਾ,...*

198 ਪਰਮੇਸ਼ੁਰ ਵਿਚਾਰਾਂ ਨੂੰ ਜਾਂਚਦਾ ਹੈ। ਅਬਰਾਹਾਮ ਨੇ ਆਪਣੀ ਪਿੱਠ ਕੀਤੀ ਹੋਈ ਸੀ, ਅਤੇ—ਅਤੇ ਇਸੇ ਤਰ੍ਹਾਂ ਪਰਮੇਸ਼ੁਰ ਨੇ ਵੀ ਆਪਣੀ ਪਿੱਠ ਤੰਬੂ ਵੱਲ ਕੀਤੀ ਹੋਈ ਸੀ। ਅਤੇ ਸਾਰਾਹ ਹੱਸ ਪਈ। ਅਤੇ ਪਰਮੇਸ਼ੁਰ ਨੇ ਮੁੜ ਕੇ ਕਿਹਾ, "ਸਾਰਾਹ ਨੂੰ ਕਿਸ ਗੱਲ ਦਾ ਹਾਸਾ ਆਇਆ?" ਦਿਲ ਦੇ ਵਿਚਾਰਾਂ ਨੂੰ ਜਾਣਨ ਵਾਲਾ! ਮੈਂ ਚਾਹੁੰਦਾ ਹਾਂ ਕਿ ਇਹ ਥੋੜਾ ਜਿਹਾ ਡੂੰਘਾਈ ਵਿੱਚ ਜਾਵੇ।

199 ਫਿਰ ਜਦੋਂ ਇਸ ਤਰ੍ਹਾਂ ਦੀ ਸੇਵਕਾਈ ਉੱਪਰ ਆਉਂਦੀ ਹੈ, ਜਿਸਦਾ ਪਰਮੇਸ਼ੁਰ ਨੇ ਆਖ਼ਰੀ ਦਿਨ ਲਈ ਵਾਅਦਾ ਕੀਤਾ ਸੀ, ਕੀ ਹੋਇਆ? "ਮਾਨਸਿਕ ਟੈਲੀਪੈਥੀ।"

200 ਕੀ ਉਹਨਾਂ ਨੇ ਪ੍ਰਭੂ ਨੂੰ, ਉਸ ਨੂੰ, "ਬਆਲਜਬੂਬ" ਨਹੀਂ ਕਿਹਾ? ਉਸ ਨੇ ਕਿਹਾ, "ਜੇ ਉਹਨਾਂ ਨੇ ਘਰ ਦੇ ਮਾਲਕ ਨੂੰ 'ਬਆਲਜਬੂਬ' ਕਿਹਾ, ਤਾਂ ਉਹ ਉਸਦੇ ਚੇਲਿਆਂ ਨੂੰ ਹੋਰ ਕਿੰਨਾ ਕੁਝ ਨਾ ਕਹਿਣਗੇ?"

201 ਮੈਂ ਤੁਹਾਨੂੰ ਪਿਆਰ ਕਰਦਾ ਹਾਂ। ਇਹ ਦਰਸਾਉਂਦਾ ਹੈ ਕਿ ਤੁਸੀਂ ਕਾਫ਼ੀ ਦਿਲਚਸਪੀ ਰੱਖਦੇ ਹੋ, ਤੁਹਾਨੂੰ ਇੰਜੀਲ ਸੁਣਨ ਲਈ ਵਾਤਾਵਰਣ-ਅਨੁਕੂਲਿਤ ਇਮਾਰਤ ਵਿੱਚ ਆਉਣ ਦੀ ਲੋੜ ਨਹੀਂ ਹੈ। ਤੁਹਾਡੇ ਅੰਦਰ ਐਨੀ ਭੁੱਖ ਹੈ ਕਿ ਤੁਸੀਂ ਇਸ ਤਰ੍ਹਾਂ ਦੀ ਜਗ੍ਹਾ ਤੇ ਵੀ ਆਏ ਹੋ। ਪਰਮੇਸ਼ੁਰ ਸਾਨੂੰ ਇਸ ਤੋਂ ਇਲਾਵਾ ਹੋਰ ਕੁਝ ਨਹੀਂ ਬਣਾਉਣ ਦੇਵੇਗਾ। ਸਾਨੂੰ ਇਹ ਇਸੇ ਤਰ੍ਹਾਂ ਹੀ ਚੰਗਾ ਲੰਗਦਾ ਹੈ। ਬਸ ਨਿੱਕਾ ਜਿਹਾ ਪੁਰਾਣਾ ਝੌਂਪੜਾ, ਪਰ ਸਾਨੂੰ ਇਹ ਇਸੇ ਤਰ੍ਹਾਂ ਹੀ ਚੰਗਾ ਲੱਗਦਾ ਹੈ। ਪਰਮੇਸ਼ੁਰ ਚਮਕ ਧਮਕ ਵਿੱਚ ਨਹੀਂ ਵੱਸਦਾ। ਪਰਮੇਸ਼ੁਰ ਨਿਮਰਤਾ ਵਿਚ ਵੱਸਦਾ ਹੈ। ਸਾਨੂੰ ਇਹ ਇਸੇ ਤਰ੍ਹਾਂ ਚੰਗਾ ਲੱਗਦਾ ਹੈ। ਅਸੀਂ ਆ ਕੇ ਖੁਸ਼ ਹਾਂ, ਅਤੇ ਤੁਸੀਂ ਵੀ, ਇੱਕ—ਇੱਕ ਅਜਿਹੀ ਜਗ੍ਹਾ ਵਿੱਚ ਬੈਠ ਕੇ। ਕੋਈ ਫ਼ਰਕ ਨਹੀਂ ਪੈਂਦਾ ਕਿ ਇਹ ਕਿੰਨਾ ਗਰਮ ਹੈ, ਤੁਹਾਨੂੰ ਆਪਣੇ ਨਵੇਂ ਸੂਟ ਵਿੱਚ ਕਿੰਨਾ ਪਸੀਨਾ ਆਉਂਦਾ ਹੈ, ਤੁਹਾਡੇ ਨਵੇਂ ਪਹਿਰਾਵੇ ਵਿੱਚ, ਇਸ ਨਾਲ ਕੋਈ ਫਰਕ ਨਹੀਂ ਪੈਂਦਾ।

ਤੁਸੀਂ ਅਨੰਤ ਜੀਵਨ ਨੂੰ ਸੁਣ ਰਹੇ ਹੋ, ਪਰਮੇਸ਼ੁਰ ਦੇ ਬਚਨ ਨੂੰ ਜੋ ਤੁਹਾਡੇ ਦਿਲ ਦੇ ਵਿਚਾਰਾਂ ਨੂੰ ਜਾਣਦਾ ਹੈ। ਅੱਗ ਦਾ ਥੰਮ੍ਹ ਜੋ ਇਜ਼ਰਾਈਲ ਦੇ ਬੱਚਿਆਂ ਉੱਤੇ ਲਟਕਿਆ ਹੋਇਆ ਸੀ, ਅੱਜ ਰਾਤ ਇੱਥੇ ਲਟਕਦਾ ਹੈ। ਮੈਂ ਇਸ ਦੀ ਚੁਣੌਤੀ ਦੇ ਸਕਦਾ ਹਾਂ: ਇੱਥੇ ਕੋਈ ਮਨੁੱਖ ਨਹੀਂ ਜੋ ਪਵਿੱਤਰ ਆਤਮਾ ਦੀ ਸ਼ਕਤੀ ਦੇ ਅਧੀਨ ਖੜ੍ਹਾ ਹੋਵੇ ਅਤੇ ਪਰਮੇਸ਼ੁਰ ਉਸ ਦੀ ਸਮੱਸਿਆ ਨਾ ਦੱਸੇ ਅਤੇ ਇਹ ਨਾ ਦੱਸੇ ਕਿ ਉਹ ਕੀ ਸੀ। ਇਹ ਠੀਕ ਹੈ। ਉਥੇ ਤੁਸੀਂ ਹੋ।

202 ਇਹ ਕੀ ਹੈ? ਇਹ ਕੀ ਹੈ? ਇਹ ਉਹੀ ਆਤਮਾ ਹੈ ਜਿਸ ਨੇ ਇਜ਼ਰਾਈਲ ਦੇ ਬੱਚਿਆਂ ਨੂੰ ਉਨ੍ਹਾਂ ਦੇ ਅਰਾਮ ਵਿੱਚ ਅਗਵਾਈ ਕੀਤੀ, ਅਤੇ ਉਹ ਅਵਿਸ਼ਵਾਸ ਦੇ ਕਾਰਨ ਡਿੱਗ ਪਏ। ਤੁਸੀਂ ਡਿੱਗ ਨਾ ਜਾਣਾ। ਇਹ ਆਖਰੀ ਮੌਕਾ ਹੈ। ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ, ਜੀਵਨ ਉੱਥੋਂ ਆਉਂਦਾ ਹੈ।

203 ਧਰਮੀਕਰਣ, ਮਾਰਟਿਨ ਲੂਥਰ, ਅਜੇ ਵੀ ਧਰਮ ਦਾ ਇੱਕ ਰੂਪ ਹੈ। ਪਵਿੱਤਰੀਕਰਨ…ਮਾਰਟਿਨ ਲੂਥਰ; ਜੌਨ ਵੈਜਲੀ; ਪਵਿੱਤਰ ਆਤਮਾ ਦਾ ਬਪਤਿਸਮਾ, ਜੀਵਨ। ਧਰਮੀਕਰਣ, ਵਿਸ਼ਵਾਸ ਹੈ; ਪਵਿੱਤਰੀਕਰਣ, ਸਫਾਈ ਹੈ; ਪਵਿੱਤਰ ਆਤਮਾ, ਭਰਨ ਵਾਲਾ, ਜੀਵਨ ਹੈ। ਲੂਥਰਨ ਯੁੱਗ ਵਿੱਚ ਨਹੀਂ ਸੀ; ਉਹਨਾਂ ਕੋਲ ਇਹ ਇੱਕ ਰੂਪ ਵਿੱਚ ਸੀ। ਵੈਜਲੀ ਯੁੱਗ ਦੁਆਰਾ ਨਹੀਂ; ਉਹਨਾਂ ਕੋਲ ਇਹ ਇੱਕ ਰੂਪ ਵਿੱਚ ਸੀ। ਪਰ ਇਹ ਉਹ ਯੁੱਗ ਹੈ ਜਦੋਂ ਪਵਿੱਤਰ ਆਤਮਾ ਆਉਂਦਾ ਹੈ, ਖੁਦ।

204 ਅਤੇ ਜੇ ਤੁਸੀਂ ਇਹ ਪ੍ਰਾਪਤ ਨਹੀਂ ਕੀਤਾ ਹੈ, ਤਾਂ ਤੁਸੀਂ ਕਿਵੇਂ, ਤੁਸੀਂ ਕਿਵੇਂ ਚਮਤਕਾਰਾਂ ਤੇ ਵਿਸ਼ਵਾਸ ਕਰ ਸਕਦੇ ਹੋ? ਇਹ ਵਿਸ਼ਵਾਸ ਕਰਨ ਲਈ, ਤੁਹਾਡੇ ਵਿੱਚ, ਪਰਮੇਸ਼ੁਰ ਹੋਣਾ ਚਾਹੀਦਾ ਹੈ। ਤੁਸੀਂ ਪਰਮੇਸ਼ੁਰ ਵਾਂਗ ਕੰਮ ਕਰਦੇ ਹੋ। ਤੁਸੀਂ ਪਰਮੇਸ਼ੁਰ ਵਾਂਗ ਜਾਣਦੇ ਹੋ। ਤੁਸੀਂ ਪਰਮੇਸ਼ੁਰ ਵਾਂਗ ਸੋਚਦੇ ਹੋ। ਬਾਈਬਲ ਨੇ ਕਿਹਾ ਕਿ ਤੁਸੀਂ ਨਿਕੇ, ਛੋਟੇ “ਪਰਮੇਸ਼ੁਰ” ਹੋ। ਯਿਸੂ ਨੇ ਅਜਿਹਾ ਕਿਹਾ। ਕਿਉਂਕਿ, ਤੁਸੀਂ ਪਰਮੇਸ਼ੁਰ ਦਾ ਹਿੱਸਾ ਹੋ।

ਬਿਲਕੁਲ ਉਸੇ ਤਰ੍ਹਾਂ ਜਿਵੇਂ ਮੈਂ ਇੱਕ ਛੋਟਾ ਬ੍ਰਨਹਾਮ ਹਾਂ, ਅਤੇ ਤੁਸੀਂ ਥੋੜੇ ਜਿਹੇ ਹੋ ਜੋ ਵੀ-ਤੁਸੀਂ-ਹੋ, ਅਤੇ ਕਿਉਂਕਿ ਤੁਹਾਡੇ ਮਾਤਾ-ਪਿਤਾ ਦਾ ਇਹ ਨਾਮ ਹੈ। ਤੁਹਾਡਾ ਅਜਿਹਾ ਸੁਭਾਅ ਹੈ ਕਿਉਂਕਿ ਤੁਹਾਡੇ ਮਾਤਾ-ਪਿਤਾ ਇਸ ਤਰ੍ਹਾਂ ਹਨ, ਕਿਉਂਕਿ ਤੁਸੀਂ ਉਨ੍ਹਾਂ ਤੋਂ ਪੈਦਾ ਹੋਏ ਹੋ।

ਅਤੇ ਕਾਰਨ ਜਿਸ ਕਰਕੇ ਤੁਸੀਂ ਪਰਮੇਸ਼ੁਰ ਨੂੰ ਮੰਨਦੇ ਹੋ, ਅਤੇ ਚਮਤਕਾਰਾਂ ਵਿੱਚ ਵਿਸ਼ਵਾਸ ਕਰਦੇ ਹੋ, ਅਤੇ ਨਿਸ਼ਾਨ ਅਤੇ ਅਚੰਭਿਆਂ ਵਿੱਚ, ਕਿਉਂਕਿ ਤੁਸੀਂ ਪਰਮੇਸ਼ੁਰ ਦੇ ਪੁੱਤਰ ਅਤੇ ਧੀਆਂ ਹੋ। ਤੁਸੀਂ ਜੀਵਨ ਪ੍ਰਾਪਤ ਕਰਦੇ ਹੋ। ਜੀਵਨ ਤੀਜੇ ਤੇ ਆਉਂਦਾ ਹੈ। ਠੀਕ ਹੈ।

205 ਜਦੋਂ ਯਿਸੂ ਪਹਾੜ ਉੱਤੇ ਚੜ੍ਹਿਆ, ਜਿੱਥੇ ਵੀ ਉਹ ਗਿਆ, ਉਸਨੇ ਪਤਰਸ, ਯਾਕੂਬ ਅਤੇ ਯੂਹੰਨਾ, ਤਿੰਨ ਗਵਾਹਾਂ ਨੂੰ ਲਿਆ। ਤਿੰਨ ਜੀਵਨ ਦੀ ਸੰਖਿਆ ਹੈ। ਇਸ ਨੂੰ ਸਮਝੇ? ਪ੍ਰੇਮ, ਅਨੰਦ, ਸ਼ਾਂਤੀ।

206 ਹੁਣ, ਆਓ ਛੇਤੀ ਨਾਲ ਅਧਿਆਇ ਦੇ ਅੰਤ ਵਿੱਚ ਜਾਈਏ, ਛੇਤੀ, ਜਿਵੇਂ ਅਸੀਂ ਪੜ੍ਹਦੇ ਹਾਂ।

*ਕਿਉਂ ਜੋ ਪਰਮੇਸ਼ੁਰ ਦਾ ਬਚਨ ਜੀਉਂਦਾ, ਅਤੇ ਗੁਣਕਾਰ...ਦੋ ਧਾਰੀ ਤਲਵਾਰ ਨਾਲੋਂ ਤਿੱਖਾ,...ਅਤੇ ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਚ ਲੈਂਦਾ ਹੈ।*

*ਸਰਿਸ਼ਟੀ ਦੀ ਕੋਈ ਵਸਤ ਉਸ ਤੋਂ ਲੁਕੀ ਹੋਈ ਨਹੀਂ: ਪਰ ਜਿਹ ਨੂੰ ਅਸਾਂ ਲੇਖਾ ਦੇਣਾ ਹੈ...ਉਹ ਦੇ ਨੇਤਰਾਂ ਦੇ ਅੱਗੇ ਸਾਰੀਆਂ ਵਸਤਾਂ ਨੰਗੀਆਂ ਅਤੇ ਖੁਲ੍ਹੀਆਂ ਪਈਆਂ ਹਨ।*

207 ਭਾਈ, ਉੱਥੇ ਇੱਕ ਮੱਖੀ ਨਹੀਂ ਹੈ ਜੋ ਉਸ ਦੇ ਜਾਣੇ ਬਿਨਾਂ, ਉੱਥੇ ਖੰਭੇ ਕੋਲ ਉੱਡ ਸਕਦੀ ਹੈ। "ਸਾਰੀਆਂ ਚੀਜ਼ਾਂ ਖੁੱਲ੍ਹੀਆਂ ਹਨ।" ਭਾਈ, ਉਹ ਹਰ ਉਹ ਕੰਮ ਜਾਣਦਾ ਹੈ ਜੋ ਤੁਸੀਂ ਕੀਤਾ ਹੈ, ਹਰ ਵਿਚਾਰ ਜੋ ਤੁਸੀਂ ਕਦੇ ਸੋਚਿਆ ਹੈ। ਇਹੀ ਹੈ ਜੋ ਉਹ ਹੈ। ਅਸੀਂ ਉਸ ਨੂੰ ਇਸ ਤਰ੍ਹਾਂ ਮੰਨਦੇ ਹਾਂ।

ਅਤੇ ਜਦੋਂ ਪਰਮੇਸ਼ੁਰ ਸਾਡੇ ਅੰਦਰ ਆਉਂਦਾ ਹੈ, ਅਤੇ ਸਾਨੂੰ ਕਲੀਸਿਯਾ ਵਿੱਚ ਬਿਠਾਉਂਦਾ ਹੈ, ਤਾਂ ਉਹ ਕਲੀਸਿਯਾ ਵਿੱਚ ਦਾਨ ਅਤੇ ਚੀਜ਼ਾਂ ਪਾਉਂਦਾ ਹੈ, ਆਪਣੇ ਲੋਕਾਂ ਨੂੰ ਚਲਾਉਣ ਲਈ। ਜੇਕਰ ਪਰਮੇਸ਼ੁਰ ਉਹ ਬੇਅੰਤ ਪਰਮੇਸ਼ੁਰ ਹੈ, ਤਾਂ ਉਹ ਬਿਮਾਰਾਂ ਨੂੰ ਚੰਗਾ ਕਰਦਾ ਹੈ। ਉਹ ਮੁਰਦਿਆਂ ਨੂੰ ਜ਼ਿੰਦਾ ਕਰ ਸਕਦਾ ਹੈ। ਉਹ ਕੋੜ੍ਹੀਆਂ ਨੂੰ ਸ਼ੁੱਧ ਕਰ ਸਕਦਾ ਹੈ, ਅੰਨ੍ਹੇ ਨੂੰ ਵੇਖਣ ਵਾਲਾ ਬਣਾ ਸਕਦਾ ਹੈ। ਉਹ ਦਰਸ਼ਨ ਦੇ ਸਕਦਾ ਹੈ। ਉਹ ਇਹ ਸਭ ਚੀਜਾਂ ਕਰ ਸਕਦਾ ਹੈ, ਆਪਣੀ ਕਲੀਸਿਯਾ ਦੁਆਰਾ ਕੰਮ ਕਰਦੇ ਹੋਏ, ਕਿਉਂਕਿ ਪਰਮੇਸ਼ੁਰ ਹੈ ਜੋ ਵਿੱਚ ਹੈ। ਉੱਥੇ ਹੀ ਕਲੀਸਿਯਾ ਹੈ।

208 ਉਹ ਕਲੀਸਿਯਾ ਇੱਕ ਕਲੀਸਿਯਾ ਕਿਵੇਂ ਬਣ ਜਾਂਦੀ ਹੈ, ਇਸ ਵਿੱਚ ਸ਼ਾਮਲ ਹੋ ਕੇ? ਨਹੀਂ, ਸ਼੍ਰੀ ਮਾਨ। ਹੱਥ ਮਿਲਾ ਕੇ? ਨਹੀਂ, ਸ਼੍ਰੀ ਮਾਨ। ਪਾਣੀ ਦੇ ਬਪਤਿਸਮੇ ਦੁਆਰਾ? ਨਹੀਂ, ਸ਼੍ਰੀ ਮਾਨ। ਸਦੱਸਤਾ ਦੁਆਰਾ? ਨਹੀਂ, ਸ਼੍ਰੀ ਮਾਨ। ਤੁਸੀਂ ਇਸਨੂੰ ਕਿਵੇਂ ਪ੍ਰਾਪਤ ਕਰਦੇ ਹੋ? "ਕਿਉਂਕਿ ਇੱਕ ਆਤਮਾ ਦੁਆਰਾ ਅਸੀਂ ਸਾਰੇ ਇੱਕ ਸਰੀਰ ਵਿੱਚ ਬਪਤਿਸਮਾ ਲੈਂਦੇ ਹਾਂ।" ਉਥੇ ਤੁਸੀਂ ਹੋ।

209 ਰੋਮੀਆਂ 8:1।

*ਸੋ ਹੁਣ ਓਹਨਾਂ ਨਾਲ ਸਜ਼ਾ ਦਾ ਹੁਕਮ ਨਹੀਂ ਹੈ...*

"ਕੋਈ ਦੁਨਿਆਵੀ ਦੋਸ਼ ਨਹੀਂ।" ਉਹ ਤੁਹਾਡੇ ਤੇ ਕੁਝ ਵੀ ਦੋਸ਼ ਨਹੀਂ ਲਗਾ ਸਕਦੇ।

*ਓਹਨਾਂ ਨਾਲ...*ਜਿਹੜੇ *ਮਸੀਹ ਯਿਸੂ ਵਿੱਚ ਹਨ ਸਜ਼ਾ ਦਾ ਹੁਕਮ ਨਹੀਂ ਹੈ,* ਜਿਹੜੇ *ਸਰੀਰ ਦੇ ਅਨੁਸਾਰ ਨਹੀਂ ਚੱਲਦੇ, ਪਰ ਆਤਮਾ ਦੇ ਚਲਾਏ ਚੱਲਦੇ ਹਨ।*

210 ਉਥੇ ਤੁਸੀਂ ਹੋ। ਇਸ ਤਰ੍ਹਾਂ ਤੁਸੀਂ ਆਪਣੀ ਮਸੀਹਤ ਨੂੰ ਜਾਂਚਦੇ ਹੋ। ਇਸ ਤਰ੍ਹਾਂ ਤੁਸੀਂ ਇਹ ਜਾਣਦੇ ਹੋ ਕਿ ਤੁਸੀਂ ਉਸ ਅਰਾਮ ਵਿੱਚ ਦਾਖਲ ਹੋ ਗਏ ਹੋ, ਦੁਨੀਆ ਤੁਹਾਨੂੰ ਹੋਰ ਪਰੇਸ਼ਾਨ ਨਹੀਂ ਕਰਦੀ। ਯਕੀਨਨ। ਤੁਸੀਂ ਇਸ ਨੂੰ ਵੇਖਦੇ ਹੋ, ਇਸ ਤੋਂ ਦੂਰ ਚਲੇ ਜਾਓ। ਤੁਹਾਡੇ ਕੋਲ ਸੋਚਣ ਲਈ ਕੁਝ ਬਿਹਤਰ ਹੈ। ਉਥੇ ਤੁਸੀਂ ਹੋ, "ਕੋਈ ਦੋਸ਼ ਨਹੀਂ।" ਇਸ ਤਰ੍ਹਾਂ ਅਸੀਂ ਸਰੀਰ ਵਿੱਚ ਦਾਖਲ ਹੁੰਦੇ ਹਾਂ।

211 ਅਤੇ ਤੁਸੀਂ ਸੁਰੱਖਿਅਤ ਹੋ, "ਸਦਾ ਲਈ।" ਬਾਈਬਲ ਨੇ ਇਸ ਤਰ੍ਹਾਂ ਕਿਹਾ ਹੈ। ਇੱਥੇ ਇਬਰਾਨੀਆਂ, 10ਵੇਂ ਅਧਿਆਇ ਵਿੱਚ ਦੇਖੋ। ਉਸ ਨੇ ਕਿਹਾ:

> ਕਿਉਂਕਿ ਜਿੱਥੇ ਬਲਦਾਂ ਦੀਆਂ ਭੇਟਾਂ ਅਤੇ ਬਲੀਦਾਨ ਹੁੰਦੇ ਹਨ, *ਇਨ੍ਹਾਂ ਬਲੀਦਾਨਾਂ ਤੋਂ ਵਰਹੇ ਦੇ ਵਰਹੇ ਪਾਪ ਚੇਤੇ ਆਉਂਦੇ ਹਨ:*
>
> *ਪਰ ਇਹ ਆਦਮੀ,…ਇੱਕ ਬਲੀਦਾਨ ਦੁਆਰਾ…*

ਉਸ ਦਾ ਪਵਿੱਤਰ ਨਾਮ ਮੁਬਾਰਕ ਹੋਵੇ!

> *ਕਿਉਂਕਿ ਇੱਕ* ਬਲੀਦਾਨ *ਦੁਆਰਾ ਉਸਨੇ ਸਦਾ ਲਈ ਸੰਪੂਰਨ* ਕੀਤਾ *ਹੈ…*

212 ਹਲਲੂਯਾਹ! ਅਗਲੀ ਬੇਦਾਰੀ ਲਈ ਨਹੀਂ, ਪਰ *ਹਮੇਸ਼ਾ* ਲਈ। "ਪੁਰਾਣੀਆਂ ਗੱਲਾਂ ਬੀਤ ਗਈਆਂ; ਅਤੇ ਸਾਰੀਆਂ ਚੀਜ਼ਾਂ ਨਵੀਆਂ ਬਣ ਗਈਆਂ ਹਨ।" ਅਸੀਂ ਰੋਸ਼ਨੀ, ਸੁੰਦਰ ਰੌਸ਼ਨੀ ਵਿੱਚ ਚੱਲ ਰਹੇ ਹਾਂ। ਪੰਛੀ ਵੱਖਰਾ ਗਾਉਂਦੇ ਹਨ।

213 ਇੱਥੇ ਬੈਠ ਕੇ, ਇਸ ਸ਼ਰਾਬਣ ਨੂੰ ਦੇਖ ਰਿਹਾ ਸੀ, ਲਗਭਗ ਪੰਜ ਸਾਲ ਪਹਿਲਾਂ, ਮੇਰਾ ਅੰਦਾਜਾ ਹੈ। ਰੋਜ਼ੇਲਾ, ਇੱਕ ਭੈਂਗੀ, ਸ਼ਿਕਾਗੋ ਦੀਆਂ ਗਲੀਆਂ ਵਿੱਚ ਤੁਰਦੀ ਹੋਈ, ਸ਼ਰਾਬੀ, ਆਲੇ-ਦੁਆਲੇ ਘੁੰਮਦੀ ਹੋਈ, ਹਰ ਕਿਸਮ ਦੇ ਪਾਪ ਕਰਦੀ ਹੋਈ, ਸ਼ਰਾਬੀ ਅਤੇ ਹਰ ਚੀਜ਼ ਜੋ ਉਹ ਹੋ ਸਕਦੀ ਸੀ। ਅਤੇ ਇੱਕ ਰਾਤ, ਪਵਿੱਤਰ ਆਤਮਾ, ਜੋ ਦੋ ਧਾਰੀ ਤਲਵਾਰ ਨਾਲੋਂ ਤੇਜ਼ ਅਤੇ ਵਧੇਰੇ ਸ਼ਕਤੀਸ਼ਾਲੀ ਹੈ, ਨੇ ਕਿਹਾ, "ਔਰਤ, ਤੁਸੀਂ ਇੱਕ ਸ਼ਰਾਬੀ ਹੋ।" ਹਲਲੂਯਾਹ! ਜੇ ਇਹ ਉਹੀ ਪਰਮੇਸ਼ੁਰ ਨਹੀਂ ਹੈ ਜੋ ਉੱਥੇ ਸੀ, ਜੋ ਜਾਣ ਗਿਆ ਸੀ ਕਿ ਸਾਰਾਹ ਉਸਦੇ ਪਿੱਛੇ ਹੱਸਦੀ ਸੀ, ਤਾਂ ਮੈਨੂੰ ਨਹੀਂ ਪਤਾ ਕਿ ਉਹ ਕੀ ਹੈ।

214 ਹਾਜ਼ਰੀਨ ਵਿੱਚ ਇੱਕ ਹੋਰ ਛੋਟੀ ਔਰਤ ਕੋਲ ਉਹ ਗਈ ਅਤੇ ਮਿਲੀ, ਅਤੇ ਉੱਥੇ ਲੈ ਆਈ, ਕਿਹਾ, "ਤੁਸੀਂ ਨਸ਼ੇ ਦੇ ਆਦੀ ਹੋ।" ਉਹ ਮਨ ਦੇ ਵਿਚਾਰਾਂ ਨੂੰ ਕਿਵੇਂ ਜਾਣ ਲੈਂਦਾ ਹੈ!

215 ਅਤੇ ਉੱਥੇ ਬੈਠੇ ਹੋਏ ਵੱਡੇ ਵੱਡੇ ਕੁਲੀਨ ਸੇਵਕ, ਜਿਨ੍ਹਾਂ ਕੋਲ ਵਿਸ਼ਵ-ਵਿਆਪੀ ਪ੍ਰਚਾਰ ਹੈ, ਆਪਣੇ ਹੱਥ ਜੋੜ ਕੇ, ਟੀ-ਸ਼ਰਟਾਂ ਵਿੱਚ, ਸੋਚਿਆ ਕਿ ਅਸੀਂ ਉਨ੍ਹਾਂ ਨੂੰ ਨਹੀਂ ਜਾਣਦੇ, ਜਿਵੇਂ ਉਹ ਇਸ ਤਰ੍ਹਾਂ ਦੀ ਸਭਾ ਵਿੱਚ ਬੈਠ ਸਕਦੇ ਹਨ ਅਤੇ ਪਰਮੇਸ਼ੁਰ ਇਹ ਨਹੀਂ ਦੱਸੇਗਾ ਕਿ ਉਹ ਕੌਣ ਸਨ। ਉੱਥੇ ਬੈਠ ਕੇ, ਵੱਖਰੇ ਦਿਖਾਈ ਦਿੰਦੇ ਸਨ, ਜਿਵੇਂ ਉਹ ਕੋਈ ਹੋਰ ਸਨ। ਪਵਿੱਤਰ ਆਤਮਾ ਜਾਣਦਾ ਸੀ ਕਿ ਉਹ ਕੌਣ ਸਨ। ਅਤੇ ਉਨ੍ਹਾਂ ਨੇ ਉੱਥੇ ਬੈਠ ਕੇ, ਆਪਣੇ ਦਿਲਾਂ ਵਿੱਚ, ਸੋਚਿਆ ਕਿ ਇਹ ਮਾਨਸਿਕ ਟੈਲੀਪੈਥੀ ਸੀ। ਪਰਮੇਸ਼ੁਰ ਬਾਰੇ ਉਸ ਤੋਂ ਵੱਧ ਕੁਝ ਨਹੀਂ ਜਾਣਦੇ ਜਿਨਾ ਇੱਕ ਅਫ਼ਰੀਕੀ ਆਦਿਵਾਸੀ ਮਿਸਰੀ ਯੋਧੇ ਬਾਰੇ ਜਾਣਦਾ ਹੈ। ਇਹ ਠੀਕ ਹੈ। ਉਹ ਉਸਨੂੰ ਲਿਖਤ ਦੁਆਰਾ ਜਾਣਦੇ ਹਨ, ਪਰ ਆਤਮਾ ਦੁਆਰਾ ਨਹੀਂ। "ਲਿਖਤ ਮਾਰਦੀ ਹੈ, ਪਰ ਆਤਮਾ ਜੀਵਨ ਦਿੰਦਾ ਹੈ।" ਇਹ ਹੀ ਗੱਲ ਹੈ। ਇਹੀ ਵਿਚਾਰ ਹੈ। "ਤਿਖਾ, ਦੋ ਧਾਰੀ ਤਲਵਾਰ ਨਾਲੋਂ ਵਧੇਰੇ ਸ਼ਕਤੀਸ਼ਾਲੀ, ਦਿਲ ਦੇ ਵਿਚਾਰਾਂ ਨੂੰ ਜਾਂਚਣ ਵਾਲਾ।"

216 ਸੁਣੋ। ਦੇਖੋ।

> *ਸਰਿਸ਼ਟੀ ਦੀ ਕੋਈ ਵਸਤ ਉਸ ਤੋਂ ਲੁਕੀ ਹੋਈ ਨਹੀਂ: ਪਰ ਜਿਹ ਨੂੰ ਅਸਾਂ ਲੇਖਾ ਦੇਣਾ ਹੈ ਉਹ ਦੇ…ਨੇਤਰਾਂ ਦੇ ਅੱਗੇ ਸਾਰੀਆਂ ਵਸਤਾਂ ਨੰਗੀਆਂ ਅਤੇ ਖੁਲ੍ਹੀਆਂ ਪਈਆਂ ਹਨ।*
>
> *ਸੋ ਜਦੋਂ ਸਾਡਾ ਇੱਕ ਮਹਾਂ ਪਰਧਾਨ ਜਾਜਕ ਹੈ…*(ਹੁਣ ਸੁਣੋ; ਬਿਮਾਰ ਲੋਕਾਂ ਲਈ ਹੈ।) *…ਜਿਹੜਾ ਅਕਾਸ਼ਾਂ ਤੋਂ ਪਾਰ ਲੰਘ ਗਿਆ, ਅਰਥਾਤ ਪਰਮੇਸ਼ੁਰ ਦਾ ਪੁੱਤ੍ਰ ਯਿਸੂ ਤਾਂ ਆਓ, ਅਸੀਂ ਆਪਣੇ ਕੀਤੇ ਹੋਏ ਇਕਰਾਰ ਉੱਤੇ ਪੱਕਿਆਂ ਰਹੀਏ।*

217 "ਪੱਕਿਆਂ ਰਹੀਏ," ਇਸਦਾ ਮਤਲਬ ਇਹ ਨਹੀਂ ਕਿ ਸਿਰਫ਼ ਗਵਾਹੀ ਦਿੰਦੇ ਰਹੋ। ਜੇ ਤੁਸੀਂ ਉਹ ਜੀਵਨ ਨਹੀਂ ਜੀਉਂਦੇ, ਤਾਂ ਤੁਸੀਂ ਇਸ ਤੇ ਪੱਕੇ ਨਹੀਂ ਰਹਿੰਦੇ; ਤੁਸੀਂ ਇੱਕ ਪਖੰਡੀ ਜੀਵਨ ਜੀ ਰਹੇ ਹੋ। ਤੁਸੀਂ ਹੋ…ਬਿਹਤਰ ਹੋਵੇਗਾ ਤੁਸੀਂ ਬਾਹਰ ਚਲੇ ਜਾਓ ਅਤੇ ਸਿਰਫ਼ ਇਹ ਕਹੋ ਕਿ ਤੁਸੀਂ ਇੱਕ ਪਾਪੀ ਹੋ ਅਤੇ ਇਸ ਬਾਰੇ ਭੁੱਲ ਜਾਓ। ਇੱਕ ਮਸੀਹੀ ਹੋਣ ਦਾ ਦਾਅਵਾ ਨਾ ਕਰੋ, ਕੁਝ ਹੋਰ ਜੀਓ; ਤੁਸੀਂ ਸਭ ਤੋਂ ਵੱਡੀ ਠੋਕਰ ਹੋ ਜੋ ਦੁਨੀਆਂ ਨੇ ਕਦੇ ਵੇਖੀ ਹੈ। ਜੇ ਤੁਸੀਂ ਇੱਕ ਪਾਪੀ ਹੋ, ਤਾਂ ਇਸਨੂੰ ਸਵੀਕਾਰ ਕਰੋ ਅਤੇ, ਅੱਗੇ ਵਧੋ, ਪਰਮੇਸ਼ੁਰ ਨਾਲ ਸਹੀ ਹੋਵੋ। ਜੇ ਤੁਸੀਂ ਇੱਕ ਮਸੀਹੀ ਹੋ, ਤਾਂ ਆਪਣੇ ਇਕਰਾਰ ਉੱਤੇ ਪੱਕਿਆਂ ਰਹੋ, ਉੱਥੇ ਰਹੋ।

218 ਹੁਣ ਇਸ ਨੂੰ ਦੇਖੋ। ਮੈਂ ਇਸ ਨੂੰ ਸਾਡੇ ਜਾਣ ਤੋਂ ਪਹਿਲਾਂ ਲੈਣਾ ਚਾਹੁੰਦਾ ਹਾਂ।

*ਕਿਉਂ ਜੋ ਸਾਡਾ ਪਰਧਾਨ ਜਾਜਕ ਇਹੋ ਜਿਹਾ ਨਹੀਂ ਜੋ ਸਾਡੀਆਂ ਦੁਰਬਲਤਾਈਆਂ ਵਿੱਚ ਸਾਡਾ ਦਰਦੀ ਨਾ ਹੋ ਸੱਕੇ; ਸਗੋਂ ਸਾਰੀਆਂ ਗੱਲਾਂ ਵਿੱਚ...ਸਾਡੇ ਵਾਂਙੁ ਪਰਤਾਇਆ ਗਿਆ, ਪਰ ਉਹ ਪਾਪ ਤੋਂ ਰਹਿਤ ਰਿਹਾ।*

ਸੁਣੋ।

*ਇਸ ਲਈ ਆਓ, ਅਸੀਂ ਕਿਰਪਾ ਦੇ ਸਿੰਘਾਸਣ ਦੇ ਅੱਗੇ ਦਿਲੇਰੀ ਨਾਲ ਚੱਲੀਏ, ਭਈ ਅਸੀਂ ਦਯਾ ਪਰਾਪਤ ਕਰੀਏ, ਅਤੇ ਉਹ ਕਿਰਪਾ ਪਾਈਏ ਜੋ ਵੇਲੇ ਸਿਰ ਸਾਡੀ ਸਹਾਇਤਾ ਕਰੇ।*

ਪਰਮੇਸ਼ੁਰ ਦਾ ਨਾਮ ਮੁਬਾਰਕ ਹੋਵੇ!

219 ਸੁਣੋ, ਬੈਪਟਿਸਟ, ਪ੍ਰੈਸਬੀਟੇਰੀਅਨ, ਲੂਥਰਨ। ਤੁਸੀਂ ਮੈਨੂੰ ਇਹ ਸਵਾਲ ਪੁੱਛੋਗੇ, "ਅਬਰਾਹਾਮ ਨੇ ਪਰਮੇਸ਼ੁਰ ਵਿੱਚ ਨਿਹਚਾ ਕੀਤੀ, ਅਤੇ ਇਹ ਉਸਦੇ ਲਈ ਧਰਮ ਗਿਣੀ ਗਈ।" ਮੈਨੂੰ ਪਤਾ ਹੈ। ਇਹ ਉਹ ਥਾਂ ਹੈ ਜਿੱਥੇ ਤੁਸੀਂ ਹਮੇਸ਼ਾ ਜਾਂਦੇ ਹੋ। ਇਹ ਸੱਚ ਹੈ। "ਮਨੁੱਖ ਪਰਮੇਸ਼ੁਰ ਤੇ ਵਿਸ਼ਵਾਸ ਕਰਨ ਤੋਂ ਬਿਨਾਂ ਹੋਰ ਕੀ ਕਰ ਸਕਦਾ ਹੈ?" ਇਹ ਬਿਲਕੁਲ ਸਹੀ ਹੈ। ਉਹ ਬਸ ਇਹੀ ਸਭ ਕਰ ਸਕਦਾ ਹੈ। ਪਰ ਜਦੋਂ ਪਰਮੇਸ਼ੁਰ ਉਸ ਵਿਸ਼ਵਾਸ ਨੂੰ ਪਛਾਣਦਾ ਹੈ, ਤਾਂ ਉਹ ਤੁਹਾਨੂੰ ਪਵਿੱਤਰ ਆਤਮਾ ਦਿੰਦਾ ਹੈ।

220 "ਹੁਣ ਮੈਂ ਕੀ ਕਰਾਂ, ਭਾਈ ਬ੍ਰਨਹਾਮ? ਕੀ ਮੈਂ ਚੀਕਾਂ?" ਜ਼ਰੂਰੀ ਨਹੀ ਹੈ। "ਕੀ ਮੈਂ ਗੈਰ ਜ਼ੁਬਾਨਾਂ ਵਿੱਚ ਬੋਲਾਂ?" ਜ਼ਰੂਰੀ ਨਹੀ ਹੈ। ਤੁਸੀਂ ਚੀਕ ਸਕਦੇ ਹੋ ਅਤੇ ਜੀਭਾਂ ਜੁਬਾਨਾਂ ਵਿੱਚ ਬੋਲ ਸਕਦੇ ਹੋ, ਦੋਵੇਂ, ਅਤੇ ਫਿਰ ਵੀ ਇੱਕ—ਇੱਕ ਅਧਰਮੀ ਵਾਂਗ ਜੀਵਨ ਵਤੀਤ ਕਰੋਗੇ, ਅਤੇ ਅਜੇ ਵੀ ਔਰਤਾਂ ਲਈ ਬੁਰੀ ਇੱਛਿਆ ਰੱਖੋਗੇ। ਤੁਸੀਂ ਅਜੇ ਵੀ ਸਿਗਰਟ ਪੀਓਗੇ, ਅਤੇ ਹੋਰ ਸਭ ਕੁਝ ਕਰੋਗੇ। ਮੈਂ ਲੋਕਾਂ ਨੂੰ ਗੈਰ ਜੁਬਾਨਾਂ ਵਿੱਚ ਬੋਲਦੇ ਦੇਖਿਆ ਹੈ, ਅਤੇ ਬਾਹਰ ਜਾ ਕੇ ਸਭ ਤੋਂ ਗੰਦੇ, ਟੇਢੇ ਸੌਦੇ ਕਰਦੇ ਹਨ ਜੋ ਮੈਂ ਕਦੇ ਦੇਖੇ ਹਨ। ਮੈਂ ਉਨ੍ਹਾਂ ਨੂੰ ਚੀਕਦੇ ਹੋਏ, ਅਤੇ ਮਗਰਮੱਛ ਦੇ ਹੰਝੂ ਰੋਂਦੇ ਦੇਖਿਆ ਹੈ, ਅਤੇ ਜੋ ਵੀ ਤੁਹਾਡੇ ਕੋਲ ਹੈ ਉਹ ਚੋਰੀ ਕਰ ਲੈਣਗੇ। ਮੈਂ ਉਨ੍ਹਾਂ ਨੂੰ ਬਾਹਰ ਨਿਕਲਦੇ ਦੇਖਿਆ, ਅਤੇ ਹਰ ਕੁੜੀ ਗਲੀ ਵਿੱਚ ਜਾਂਦੀ ਹੈ, ਮੁੜਦੀ ਹੈ। ਊਂ-ਹੂੰ। ਇਹ ਇੱਕ ਚੰਗਾ ਸੰਕੇਤ ਹੈ ਜੋ ਦੱਸਦਾ ਹੈ ਕਿ ਤੁਹਾਨੂੰ ਇਹ ਨਹੀਂ ਮਿਲਿਆ ਹੈ। ਇਹ ਠੀਕ ਹੈ।

221 ਪਰ, ਭਾਈ, ਜਦੋਂ ਤੁਸੀਂ ਮੌਤ ਤੋਂ ਪਾਰ ਲੰਘ ਕੇ ਜੀਵਨ ਵਿੱਚ ਚਲੇ ਗਏ ਹੋ, ਤਾਂ ਉਹ ਸਾਰੀਆਂ ਚੀਜ਼ਾਂ ਮੁਰਦਾ ਹੋ ਜਾਂਦੀਆਂ ਹਨ, ਅਤੇ ਤੁਸੀਂ ਮਸੀਹ ਯਿਸੂ ਵਿੱਚ ਇੱਕ ਨਵੇਂ ਜੀਵ ਹੋ। ਜੇ ਤੁਸੀਂ ਕੁਝ ਗਲਤ ਦੇਖਦੇ ਹੋ, ਤਾਂ ਤੁਸੀਂ ਇਸ ਲਈ ਪ੍ਰਾਰਥਨਾ ਕਰੋਗੇ, "ਪਰਮੇਸ਼ੁਰ ਰਹਿਮ ਕਰ।" ਅਤੇ ਜੇ ਤੁਸੀਂ ਪਰੇਸ਼ਾਨੀਆਂ

ਦੇਖਦੇ ਹੋ, ਤਾਂ ਜਾ ਕੇ ਝਗੜਾ ਕਰਨ, ਅਤੇ ਇਸ ਨੂੰ ਹੋਰ ਬਦਤਰ ਬਣਾਉਣ ਦੀ ਕੋਸ਼ਿਸ਼ ਕਰਨ ਦੀ ਬਜਾਏ, ਤੁਸੀਂ ਉਸ ਵਿਅਕਤੀ ਤੱਕ ਪਹੁੰਚਣ ਅਤੇ ਇਸਨੂੰ ਸੁਲਝਾਉਣ ਦੀ ਕੋਸ਼ਿਸ਼ ਕਰੋਗੇ, ਅਤੇ ਇਸਨੂੰ ਤੁਰੰਤ ਸ਼ਾਂਤ ਕਰੋਗੇ। ਇਹ ਤੁਹਾਡੇ ਵਿੱਚ ਪਰਮੇਸ਼ੁਰ ਦੀ ਆਤਮਾ ਹੈ।

222 ਜੇ ਤੁਸੀਂ ਕੋਈ ਗਲਤੀ ਕਰਦੇ ਹੋ? ਤੁਸੀਂ ਉਨ੍ਹਾਂ ਦੇ ਅਧੀਨ ਹੋ। ਜੇ ਤੁਸੀਂ ਕੋਈ ਗਲਤੀ ਕਰਦੇ ਹੋ, ਤਾਂ ਤੁਸੀਂ ਇਸ ਨੂੰ ਜਲਦੀ ਠੀਕ ਕਰੋਗੇ। "ਆਪਣੇ ਕ੍ਰੋਧ ਉੱਤੇ ਸੂਰਜ ਨੂੰ ਡੁੱਬਣ ਨਾ ਦਿਓ।" ਇਸ ਤਰ੍ਹਾਂ ਤੁਸੀਂ ਜਾਣਦੇ ਹੋ ਕਿ ਤੁਸੀਂ ਮੌਤ ਤੋਂ ਜੀਵਨ ਵਿੱਚ ਚਲੇ ਗਏ ਹੋ, ਤੁਹਾਨੂੰ ਪ੍ਰੇਮ, ਸ਼ਾਂਤੀ, ਆਨੰਦ, ਧੀਰਜ, ਨੇਕੀ, ਨਰਮਾਈ, ਧੀਰਜ ਮਿਲਿਆ ਹੈ। ਸਾਡੇ ਕੋਲ ਸਵਰਗ ਵਿੱਚ ਇੱਕ ਮਹਾ ਜਾਜਕ ਬੈਠਾ ਹੋਇਆ ਹੈ, ਜੋ ਸਾਡੇ ਇਕਰਾਰ ਤੇ ਵਿਚੋਲਗੀ ਕਰਨ ਲਈ ਤਿਆਰ ਹੈ। ਇਹ ਕੀ ਹੈ? ਇਹ ਉਦੋਂ ਹੈ ਜਦੋਂ ਯਿਸੂ ਲੋਗੋਸ ਵੱਲ ਵਾਪਸ ਗਿਆ, ਅੱਗ ਦੇ ਥੰਮ੍ਹ ਵਿੱਚ ਜਿਸ ਨੇ ਇਸਰਾਏਲ ਦੇ ਬੱਚਿਆਂ ਦੀ ਅਗਵਾਈ ਕੀਤੀ, ਉਨ੍ਹਾਂ ਮਹਾਨ, ਝਰਨਿਆਂ, ਰੌਸ਼ਨੀਆਂ ਦੀ ਸਤਰੰਗੀ ਪੀਂਘ ਵਿੱਚ ਬੈਠੇ ਹੋਏ ਜੋ ਉਸ ਵਿੱਚੋਂ ਬਾਹਰ ਆਉਂਦੀਆਂ ਹਨ, ਸੱਤ ਸੰਪੂਰਣ ਆਤਮੇ, ਪ੍ਰੇਮ ਦੀ ਇੱਕ ਸੰਪੂਰਣ ਆਤਮਾ।

223 ਹੁਣ ਦੇਖੋ। ਪਹਿਲਾ *ਸੰਪੂਰਣ* ਪ੍ਰੇਮ ਹੈ, ਇਹ ਪਰਮੇਸ਼ੁਰ ਦਾ ਪ੍ਰੇਮ ਹੈ, ਸ਼ੁੱਧ ਅਤੇ ਮਿਲਾਵਟ ਰਹਿਤ। ਅੱਗੇ, ਆਉਂਦਾ ਹੈ, *ਫਿਲੀਓ* ਪ੍ਰੇਮ, ਇਹ ਉਹ ਪ੍ਰੇਮ ਹੈ ਜੋ ਤੁਸੀਂ ਆਪਣੀ ਪਤਨੀ ਅਤੇ ਆਪਣੇ ਬੱਚਿਆਂ ਲਈ ਰੱਖਦੇ ਹੋ। ਅਗਲਾ, ਉਸ ਤੋਂ ਬਾਅਦ ਆਉਂਦਾ ਹੈ, *ਕਾਮੁਕ* ਪ੍ਰੇਮ। ਉਸ ਤੋਂ ਬਾਅਦ *ਅਧਰਮੀ* ਪ੍ਰੇਮ ਹੈ। ਅਤੇ ਉਦੋਂ ਤੱਕ ਹੇਠਾਂ ਜਾਂਦਾ ਹੈ ਜਦੋਂ ਤੱਕ ਇਹ *ਗੰਦਗੀ* ਤਕ ਨਹੀਂ ਆਉਂਦਾ, ਸਿਰਫ ਵਿਗੜਦਾ ਜਾਂਦਾ ਹੈ, ਵਿਗੜਦਾ ਜਾਂਦਾ ਹੈ।

224 ਅਤੇ ਹਰ ਚੀਜ਼ ਜਿਸਦੀ ਸ਼ੁਰੂਆਤ ਸੀ, ਉਸਦਾ ਅੰਤ ਹੈ। ਅਤੇ ਉਹ ਸਭ ਜੋ ਤੁਰੰਤ ਮਿਟਾ ਦਿੱਤਾ ਜਾਵੇਗਾ, ਅਤੇ ਇਸਦੀ ਕੋਈ ਯਾਦ ਨਹੀਂ ਰਹੇਗੀ, ਬਿਲਕੁਲ ਵੀ ਨਹੀਂ, ਅਤੇ ਕਿਸੇ ਦਿਨ, ਸੰਪੂਰਨ ਵੱਲ ਵਾਪਸ ਆ ਜਾਵੇਗਾ। ਅਤੇ ਇੱਕੋ ਹੀ ਤਰੀਕਾ ਹੈ...ਇਹ ਨਹੀਂ ਕਿ ਤੁਸੀਂ ਇੱਥੇ ਰੁਕ ਜਾਓ, ਅੱਧੇ ਰਸਤੇ ਵਿੱਚ, ਅਤੇ ਫਿਰ *ਇੱਥੇ* ਉੱਠ ਜਾਵੋ। ਤੁਹਾਨੂੰ ਵਿਸ਼ਵਾਸ ਦੁਆਰਾ, ਯਿਸੂ ਮਸੀਹ ਦੁਆਰਾ ਤੁਹਾਨੂੰ ਦਿੱਤੀ ਗਈ ਮੁਕਤੀ ਵਿੱਚ ਪੂਰੀ ਤਰ੍ਹਾਂ ਨਾਲ, ਭਰੋਸਾ ਕਰਨਾ, ਅਰਾਮ ਕਰਨਾ ਚਾਹੀਦਾ ਹੈ।

225 ਇਮਾਨਦਾਰੀ ਦੀ ਆਤਮਾ ਹੈ ਜੋ ਪਰਮੇਸ਼ੁਰ ਤੋਂ ਆਉਂਦੀ ਹੈ। ਇਹ ਝਰਨਾ, ਪਰਮੇਸ਼ੁਰ ਦਾ ਝਰਨਾ ਹੈ। ਇਹ ਇਮਾਨਦਾਰੀ ਹੈ। ਉਸ ਤੋਂ ਬਾਅਦ ਹਰੇਕ ਆਦਮੀ ਆਪਣੇ ਗੁਆਂਢੀ ਨਾਲ "ਇੱਕ ਭਲਾ ਕੰਮ" ਕਰੇ। ਉਸ ਤੋਂ ਬਾਅਦ

ਇੱਕ ਆਦਮੀ, "ਤੁਹਾਨੂੰ ਉਸ ਤੇ ਨਿਗਾਹ ਰੱਖਣੀ ਪਵੇਗੀ।" ਉਸ ਤੋਂ ਬਾਅਦ ਜੋ ਆਦਮੀ ਹੈ, "ਉਹ ਇੱਕ ਚੋਰ ਹੈ।" ਉਸ ਤੋਂ ਬਾਅਦ ਇੱਕ ਆਦਮੀ ਹੈ, "ਇੱਕ ਕਾਤਲ ਹੈ," ਸੰਭਲ ਜਾਓ। ਦੇਖੋ ਕਿ ਇਹ ਕਿਵੇਂ ਵਿਗੜਦਾ ਜਾਂਦਾ ਹੈ, ਬਿਲਕੁਲ ਹੇਠਾਂ ਤਕ? ਪਰ ਉਹ ਸਾਰੀਆਂ ਚੀਜ਼ਾਂ ਅਸਲ ਦੀ ਗੱਲ ਕਰਦੀਆਂ ਹਨ।

226 ਇਹੀ ਮੈਂ ਕਹਿੰਦਾ ਹਾਂ। ਹਰ ਵਾਰ ਜਦੋਂ ਤੁਸੀਂ ਕਿਸੇ ਵਿਅਕਤੀ ਨੂੰ ਦੇਖਦੇ ਹੋ ਜੋ...ਤੁਸੀਂ ਇੱਕ ਜੋੜੇ ਨੂੰ ਗਲੀ ਵਿੱਚ ਤੁਰਦੇ ਹੋਏ ਦੇਖਦੇ ਹੋ, ਪਿਆਰੇ, ਸ਼ਾਇਦ ਉਹ ਅੱਸੀ ਸਾਲ ਦੇ ਹੋਣ। ਇਹ ਸਿਰਫ ਬੋਲਦਾ ਹੈ ਕਿ ਸਵਰਗ ਵਿੱਚ ਇੱਕ ਨੌਜਵਾਨ ਜੋੜਾ ਹੈ ਜੋ ਉਹਨਾਂ ਦੀ ਨੁਮਾਇੰਦਗੀ ਕਰਦਾ ਹੈ, ਸਵਰਗ ਵਿੱਚ। "ਜੇ ਇਹ ਧਰਤੀ ਦਾ ਤੰਬੂ ਢਹਿ ਵੀ ਜਾਵੇ, ਤਾਂ ਸਾਡੇ ਕੋਲ ਉੱਥੇ ਇੱਕ ਹੈ।"

227 ਜੇਕਰ ਤੁਸੀਂ ਕਿਸੇ ਅਜਿਹੇ ਆਦਮੀ ਨੂੰ ਦੇਖਦੇ ਹੋ ਜੋ ਧੋਖਾ ਦਿੰਦਾ ਹੈ, ਚੋਰੀ ਕਰਦਾ ਹੈ, ਝੂਠ ਬੋਲਦਾ ਹੈ, ਤਾਂ ਯਾਦ ਰੱਖੋ, ਉਸਦਾ ਹਿੱਸਾ ਨਰਕ ਵਿੱਚ, ਉਸਦੀ ਉਡੀਕ ਕਰ ਰਿਹਾ ਹੈ, ਉਸ ਦਾ ਸਥਾਨ ਜਿੱਥੇ ਉਸ ਨੂੰ ਪਰਮੇਸ਼ੁਰ ਅਤੇ ਪਵਿੱਤਰ ਦੂਤਾਂ ਦੀ ਮੌਜੂਦਗੀ ਵਿੱਚ, ਅੱਗ ਅਤੇ ਗੰਧਕ ਨਾਲ ਤਸੀਹੇ ਦਿੱਤੇ ਜਾਣਗੇ। ਉਸ ਨੂੰ ਉੱਥੇ ਤਸੀਹੇ ਦਿੱਤੇ ਜਾਣਗੇ। ਹਮੇਸ਼ਾ ਲਈ ਨਹੀਂ, ਉਸ ਨੂੰ ਹਮੇਸ਼ਾ ਲਈ ਤਸੀਹੇ ਨਹੀਂ ਦਿੱਤੇ ਜਾ ਸਕਦੇ, ਹਮੇਸ਼ਾ ਲਈ ਦਾ ਮਤਲਬ, ਹਰ ਸਮੇਂ ਲਈ ਨਹੀਂ ਹੈ। ਅਨੰਤਤਾ ਸਦਾ ਲਈ ਹੈ, ਅਨੰਤਤਾ ਹੈ...ਕੋਈ ਸ਼ੁਰੂਆਤ ਜਾਂ ਅੰਤ ਨਹੀਂ ਹੈ। ਪਰ *ਹਮੇਸ਼ਾ* ਇੱਕ "ਸਮੇਂ ਦਾ ਕਾਲ ਹੈ।" ਬਾਈਬਲ ਨੇ ਕਿਹਾ, "ਹਮੇਸ਼ਾ ਲਈ ਅਤੇ," ਜੋੜ, "ਹਮੇਸ਼ਾ ਲਈ।" ਯੂਨਾਹ ਨੇ ਕਿਹਾ ਕਿ ਉਹ ਮੱਛੀ ਦੇ ਢਿੱਡ ਵਿੱਚ ਸੀ "ਹਮੇਸ਼ਾ ਲਈ।" ਇਹ ਸਮੇਂ ਦਾ ਸਥਾਨ ਹੈ।

228 ਪਰ, ਦੇਖੋ, ਕੇਵਲ ਇੱਕ ਹੀ ਅਨੰਤ ਜੀਵਨ ਹੈ, ਅਤੇ ਉਹ ਹੈ ਪਰਮੇਸ਼ੁਰ। ਅਤੇ ਜੇ ਤੁਸੀਂ ਸਦਾ ਲਈ ਤਸੀਹੇ ਲੈਣ ਜਾ ਰਹੇ ਹੋ, ਅਤੇ ਕਦੇ ਨਹੀਂ ਮਰ ਸਕਦੇ, ਤਾਂ ਤੁਹਾਨੂੰ ਅਨੰਤ ਜੀਵਨ ਮਿਲ ਗਿਆ ਹੈ। ਤੁਹਾਨੂੰ ਸਦਾ ਲਈ ਤਸੀਹੇ ਨਹੀਂ ਦਿੱਤੇ ਜਾ ਸਕਦੇ...ਤੁਹਾਨੂੰ ਲੱਖਾਂ ਸਾਲਾਂ ਲਈ ਤਸੀਹੇ ਦਿੱਤੇ ਜਾ ਸਕਦੇ ਹਨ, ਪਰਮੇਸ਼ੁਰ ਅਤੇ ਪਵਿੱਤਰ ਦੂਤਾਂ ਦੀ ਮੌਜੂਦਗੀ ਵਿੱਚ, ਅੱਗ ਅਤੇ ਗੰਧਕ ਨਾਲ। ਮੈਨੂੰ ਨਹੀਂ ਪਤਾ ਕਿ ਇਹ ਕਿੰਨੇ ਚਿਰ ਲਈ ਨਿਰਧਾਰਤ ਕੀਤਾ ਗਿਆ ਹੈ। ਪਰ ਆਖਰਕਾਰ ਇਸ ਦਾ ਅੰਤ ਹੋਣਾ ਹੈ ਕਿਉਂਕਿ ਇਸਦੀ ਸ਼ੁਰੂਆਤ ਸੀ। ਅਤੇ ਕੇਵਲ ਪਰਮੇਸ਼ੁਰ ਕੋਲ ਹੀ ਅਨੰਤ ਜੀਵਨ ਹੈ। "ਉਹ ਜੋ ਮੇਰੇ ਬਚਨਾਂ ਨੂੰ ਸੁਣਦਾ ਹੈ, ਅਤੇ ਉਸ ਉੱਤੇ ਵਿਸ਼ਵਾਸ ਕਰਦਾ ਹੈ ਜਿਸਨੇ ਮੈਨੂੰ ਭੇਜਿਆ ਹੈ," ਉਸ ਕੋਲ *ਸਦਾ ਦਾ* ਜੀਵਨ ਨਹੀਂ ਹੁੰਦਾ, "ਉਸ ਕੋਲ ਸਦੀਪਕ ਜੀਵਨ ਹੈ।" ਉਹ ਜੀਵਨ ਜੋ ਸ਼ੁਰੂ ਹੁੰਦਾ ਹੈ, *ਇੱਥੇ* ਕੁਝ ਨਹੀਂ। ਪਰ ਉੱਥੇ ਤਕ ਦੇ ਸਾਰੇ ਰਾਹ ਵਿੱਚ, ਅਨੰਤ ਜੀਵਨ, *ਜ਼ੋਏ*, ਪਰਮੇਸ਼ੁਰ ਦਾ ਆਪਣਾ ਜੀਵਨ ਹੇਠਾਂ ਆਉਂਦਾ

ਹੈ ਅਤੇ ਮਨੁੱਖ ਵਿੱਚ ਵੱਸਦਾ ਹੈ, ਅਤੇ ਉਹ ਪਰਮੇਸ਼ੁਰ ਨਾਲ ਅਨੰਤ ਹੈ, ਅਤੇ ਮਰ ਨਹੀਂ ਸਕਦਾ। ਇਹ ਉਹੀ ਹੈ ਜੋ ਵਚਨ ਨੇ ਕਿਹਾ ਹੈ।

229 ਜ਼ਰਾ ਇਸ ਬਾਰੇ ਸੋਚੋ। ਕੀ ਇੱਥੇ ਦੋ ਅਨੰਤ ਜੀਵਨ ਹਨ? ਤੁਸੀਂ ਇਸਦਾ ਜਵਾਬ ਨਹੀਂ ਦੇ ਸਕਦੇ, ਕੀ ਤੁਸੀਂ ਦੇ ਸਕਦੇ ਹੋ? ਸਿਰਫ਼ ਇੱਕ ਅਨੰਤ ਜੀਵਨ ਹੈ, ਅਤੇ ਉਹ ਹੈ ਪਰਮੇਸ਼ੁਰ ਦਾ ਜੀਵਨ। ਇਸ ਹੋਰ ਕਿਸਮ ਦੇ ਜੀਵਨ ਦਾ, ਭਾਵੇਂ ਇਹ ਕੁਝ ਵੀ ਹੋਵੇ, ਇਸਦਾ ਅੰਤ ਹੋ ਗਿਆ ਹੈ। ਅਤੇ ਜਿਸ ਵੀ ਚੀਜ਼ ਦੀ ਸ਼ੁਰੂਆਤ ਹੁੰਦੀ ਹੈ ਉਸਦਾ ਅੰਤ ਹੁੰਦਾ ਹੈ। ਪਰ ਜਿਸ ਚੀਜ ਦੀ ਸ਼ੁਰੂਆਤ ਨਹੀਂ ਹੁੰਦੀ ਉਸ ਦਾ ਕੋਈ ਅੰਤ ਨਹੀਂ ਹੁੰਦਾ। ਅਤੇ ਪਰਮੇਸ਼ੁਰ ਨੇ ਕਿਹਾ ਕਿ ਉਹ ਸਾਨੂੰ ਅਨੰਤ ਜੀਵਨ ਦੇਵੇਗਾ, ਬਿਨਾਂ ਸ਼ੁਰੂਆਤ ਦੇ, ਸਾਨੂੰ ਬਸ ਉਸਦਾ ਇੱਕ ਹਿੱਸਾ ਬਣਾਇਆ ਗਿਆ ਸੀ। ਅਤੇ ਅਸਲ ਵਿੱਚ ਜੀਵਨ ਜੋ ਸਾਡੇ ਵਿੱਚ ਹੈ, ਇੱਥੇ ਮਨੁੱਖੀ ਸੁਭਾਅ ਦੁਆਰਾ ਨਹੀਂ ਲਿਆਂਦਾ ਗਿਆ ਸੀ। ਕੁਦਰਤ ਸਾਨੂੰ ਇੱਕ ਆਤਮਾ ਦਿੰਦੀ ਹੈ, ਪਰ ਉਹ ਆਤਮਾ ਮਰ ਗਈ, ਅਤੇ ਸਾਨੂੰ ਪਰਮੇਸ਼ੁਰ ਦੀ ਆਤਮਾ ਮਿਲੀ। ਪਰਮੇਸ਼ੁਰ ਦੀ ਮਹਿਮਾ ਹੋਵੇ!

230 ਕੀ ਪਰਮੇਸ਼ੁਰ ਇੱਕ ਮਨੁੱਖ ਸੀ? ਯਕੀਨਨ। "ਆਉ ਮਨੁੱਖ ਨੂੰ ਆਪਣੇ ਸਰੂਪ ਵਿੱਚ ਬਣਾਈਏ।" ਪਰਮੇਸ਼ੁਰ ਕੀ ਸੀ? ਇੱਕ ਥੀਓਫਨੀ, ਇੱਕ ਸਰੀਰ। ਅਤੇ ਉੱਥੇ ਮਨੁੱਖ ਨੂੰ ਉਸ ਵਰਗਾ ਬਣਾਇਆ ਗਿਆ ਅਤੇ ਬਾਗ਼ ਵਿੱਚ ਰੱਖਿਆ ਗਿਆ। ਪਰ ਹੋਸ਼ ਵਿਚ, ਹੱਲ ਵਾਹੁਣ ਲਈ ਕੋਈ ਮਨੁੱਖ ਨਹੀਂ ਸੀ। ਫਿਰ ਉਸ ਨੇ ਮਨੁੱਖ ਨੂੰ ਧਰਤੀ ਦੀ ਧੂੜ ਵਿੱਚੋਂ, ਪਸ਼ੂ ਜੀਵਨ ਵਿੱਚ ਬਣਾਇਆ, ਅਤੇ ਉਸ ਮਨੁੱਖ ਨੇ ਧਰਤੀ ਵਾਹੀ। ਅਤੇ ਉਹ ਆਦਮੀ, ਅਪਰਾਧ ਕਰਕੇ ਡਿੱਗ ਪਿਆ। ਸਹੀ ਹੈ। ਅਤੇ ਪਰਮੇਸ਼ੁਰ, ਥੀਓਫ਼ਨੀ, ਹੇਠਾਂ ਆਇਆ, ਅਤੇ ਦੇਹਧਾਰੀ ਹੋਇਆ ਅਤੇ ਸਾਡੇ ਵਿੱਚ ਵੱਸਿਆ, ਮਨੁੱਖ ਨੂੰ ਛੁਡਾਉਣ ਲਈ।

231 ਇਸ ਲਈ ਇਹ ਕੁਝ ਵੀ ਨਹੀਂ ਹੈ ਜੋ ਤੁਸੀਂ ਕਰ ਸਕਦੇ ਹੋ। ਤੁਸੀਂ ਇੱਕ ਪਾਪੀ ਹੋ, ਸ਼ੁਰੂਆਤ ਤੋਂ ਹੀ। ਤੁਹਾਨੂੰ ਅਧਰਮ ਵਿੱਚ ਰਚਿਆ ਗਿਆ ਸੀ। ਤੁਸੀਂ ਪਾਪ ਵਿੱਚ ਪੈਦਾ ਹੋਏ ਹੋ, ਝੂਠ ਬੋਲਦੇ ਹੋਏ ਸੰਸਾਰ ਵਿੱਚ ਆਏ। ਤੁਸੀਂ ਇਸ ਸੰਸਾਰ ਵਿੱਚ ਆਪਣੇ ਪਿਤਾ ਅਤੇ ਮਾਤਾ ਦੀ ਕਾਮ-ਵਾਸ਼ਨਾ ਤੋਂ ਪੈਦਾ ਹੋਏ ਹੋ। ਅਤੇ ਤੁਸੀਂ ਓਨੇ ਹੀ ਨਰਕ-ਜਾਣ ਲਈ ਤਿਆਰ ਹੋ ਜਿੰਨੇ ਤੁਸੀਂ ਹੋ ਸਕਦੇ ਹੋ, ਮੈਨੂੰ ਪਰਵਾਹ ਨਹੀਂ ਹੈ ਕਿ ਤੁਸੀਂ ਕੀ ਕਰਦੇ ਹੋ। ਤੁਸੀਂ ਸ਼ਾਇਦ ਨਾ ਕਦੇ ਝੂਠ ਬੋਲੋ, ਨਾ ਚੋਰੀ ਕਰੋ; ਹਰ ਹੁਕਮ ਦੀ ਪਾਲਣਾ ਕਰੋ, ਅਤੇ ਹੋਰ ਸਭ ਕੁਝ; ਅਤੇ ਤੁਸੀਂ ਨਰਕ ਵਿੱਚ ਜਾਵੋਗੇ, ਇੱਕ ਅਬਾਬੀਲ ਜੋ ਸਿੱਧਾ ਆਪਣੇ ਬਕਸੇ ਵਿੱਚ ਜਾਂਦਾ ਹੈ। ਪਰ ਇੱਕੋ ਇੱਕ ਤਰੀਕਾ ਹੈ ਜਿਸ ਨਾਲ ਤੁਸੀਂ ਕਦੇ

ਦੁਬਾਰਾ ਜੀ ਸਕਦੇ ਹੋ, ਪਵਿੱਤਰ ਆਤਮਾ, ਪਰਮੇਸ਼ੁਰ ਦੇ ਅਨੰਤ ਜੀਵਨ ਨੂੰ ਸਵੀਕਾਰ ਕਰਕੇ।

232 ਤੁਹਾਨੂੰ ਕਿਸਨੇ ਬਣਾਇਆ ਹੈ ਜੋ ਤੁਸੀਂ ਹੋ? ਸ਼ੁਰੂ ਵਿੱਚ, ਜਦੋਂ ਪਵਿੱਤਰ ਆਤਮਾ ਧਰਤੀ ਉੱਤੇ ਮੰਡਰਾਉਂਦਾ ਸੀ, ਤਾਂ ਜਵਾਲਾਮੁਖੀ ਫਟਣ ਤੋਂ ਇਲਾਵਾ ਕੁਝ ਨਹੀਂ ਸੀ। ਇੱਕ ਛੋਟਾ ਜਿਹਾ ਈਸਟਰ ਫੁੱਲ ਉੱਪਰ ਆਇਆ। ਪਰਮੇਸ਼ੁਰ ਨੇ ਕਿਹਾ, "ਇਹ ਬਹੁਤ ਸੋਹਣਾ ਲੱਗਦਾ ਹੈ। ਬਸ ਮੰਡਰਾਉਂਦੇ ਰਹੋ।" ਫੁੱਲ ਆ ਜਾਂਦੇ ਹਨ। ਘਾਹ ਆ ਜਾਂਦਾ ਹੈ। ਰੁੱਖ ਆ ਜਾਂਦੇ ਹਨ। ਧੂੜ ਵਿੱਚੋਂ ਪੰਛੀ ਉੱਡ ਗਏ। ਜਾਨਵਰ ਆ ਜਾਂਦੇ ਹਨ। ਇੱਕ ਮਨੁੱਖ ਆ ਜਾਂਦਾ ਹੈ।

233 ਹੁਣ, ਇਹ ਕਿਵੇਂ ਕੀਤਾ ਗਿਆ ਸੀ? ਪਵਿੱਤਰ ਆਤਮਾ ਦੇ ਮੰਡਰਾਉਣ ਦੁਆਰਾ, ਇਹਨਾਂ ਸਮੱਗਰੀਆਂ ਨੂੰ ਇਕੱਠੇ ਲਿਆਉਣ ਦੁਆਰਾ, ਪੋਟਾਸ਼, ਕੈਲਸ਼ੀਅਮ; ਫੁੱਲ ਬਣਾਉਂਦੇ ਹੋਏ, ਜਾਨਵਰ ਬਣਾਉਂਦੇ ਹੋਏ, ਤੁਹਾਨੂੰ ਬਣਾਉਂਦੇ ਹੋਏ।

234 ਅਤੇ ਹੁਣ, ਤੁਹਾਡੇ ਕੋਲ ਇੱਕ ਆਜਾਦ ਵਿਕਲਪ ਹੈ। ਪਰਮੇਸ਼ੁਰ ਵਾਪਸ ਤੁਹਾਡੇ ਕੋਲ ਮੰਡਰਾਉਂਦਾ ਹੈ, ਅਤੇ ਕਹਿੰਦਾ ਹੈ, "ਮੇਰੀ ਆਵਾਜ਼ ਸੁਣੋ? ਆਪਣੇ ਦਿਲ ਨੂੰ ਕਠੋਰ ਨਾ ਕਰੋ, ਜਿਵੇਂ ਬਗਾਵਤ ਦੇ ਦਿਨਾਂ ਵਿੱਚ।" ਇੱਥੇ ਉਹ ਹੇਠਾਂ ਆਉਂਦਾ ਹੈ, ਬਚਨ ਦਾ ਪ੍ਰਚਾਰ ਕਰਦਾ ਹੈ।

"ਜਿਨ੍ਹਾਂ ਨੂੰ ਖੁਸ਼ਖਬਰੀ ਦਾ ਪ੍ਰਚਾਰ ਨਹੀਂ ਕੀਤਾ ਗਿਆ ਸੀ...ਉਨ੍ਹਾਂ ਨੂੰ ਇਸ ਤੇ ਵਿਸ਼ਵਾਸ ਨਹੀਂ ਸੀ, ਇਸ ਲਈ ਇਸਨੇ ਉਹਨਾਂ ਦਾ ਕੋਈ ਭਲਾ ਨਹੀਂ ਕੀਤਾ।" ਉਨ੍ਹਾਂ ਨੇ ਇਹ ਸੁਣਿਆ, ਪਰ ਉਨ੍ਹਾਂ ਨੇ ਇਸ ਤੇ ਵਿਸ਼ਵਾਸ ਨਹੀਂ ਕੀਤਾ।

235 ਪਰਮੇਸ਼ੁਰ ਹੇਠਾਂ ਆਇਆ। ਉਸਨੇ ਉਨ੍ਹਾਂ ਨੂੰ ਅੱਗ ਦਾ ਇੱਕ ਥੰਮ੍ਹ ਦਿਖਾਇਆ। ਆਪਣੇ ਨਬੀ, ਚਿੰਨ੍ਹ ਅਤੇ ਅਚਰਜ ਕੰਮਾਂ ਦੁਆਰਾ ਦਿਖਾਇਆ, ਉਹ ਉਸਦੇ ਨਾਲ ਸੀ। ਉਨ੍ਹਾਂ ਨੇ ਇਸ ਤੇ ਵਿਸ਼ਵਾਸ ਨਹੀਂ ਕੀਤਾ। ਔਹ, ਉਹ ਚਮਤਕਾਰ ਦੇਖਣਾ ਪਸੰਦ ਕਰਦੇ ਸਨ। ਉਹ ਨਬੀ ਨੂੰ ਸੁਣਨਾ ਪਸੰਦ ਕਰਦੇ ਸਨ। ਪਰ ਜਿੱਥੋਂ ਤੱਕ ਇਸ ਤੇ ਵਿਸ਼ਵਾਸ ਕਰਨ ਦੀ ਗੱਲ ਹੈ, ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਉਨ੍ਹਾਂ ਦਾ ਜੀਵਨ ਸਾਬਤ ਕਰਦਾ ਹੈ ਕਿ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ।

236 "ਹੁਣ," ਉਸ ਨੇ ਕਿਹਾ, "ਤੁਸੀਂ ਅਵਿਸ਼ਵਾਸ ਦੀ ਉਸੇ ਉਦਾਹਰਣ ਦੇ ਮਗਰ ਨਾ ਚਲੋ।" ਕਿਉਂਕਿ ਇਸ ਆਖਰੀ ਦਿਨ ਵਿੱਚ, ਪਰਾਈਆਂ ਕੌਮਾਂ ਦੀ ਕਲੀਸਿਯਾ ਲਈ, ਪਰਮੇਸ਼ੁਰ ਫਿਰ ਪ੍ਰਗਟ ਹੋਇਆ ਹੈ; ਉਹੀ ਨਿਸ਼ਾਨ, ਉਹੀ ਅਚੰਭੇ, ਉਹੀ ਅੱਗ ਦਾ ਥੰਮ੍ਹ, ਪ੍ਰਮਾਣਿਤ ਹੋਇਆ, ਸਾਬਤ ਹੋਇਆ।

ਆਓ ਅਸੀਂ ਆਪਣੇ ਦਿਲਾਂ ਨੂੰ ਕਠੋਰ ਨਾ ਕਰੀਏ ਅਤੇ ਅਵਿਸ਼ਵਾਸ ਦੇ, ਉਸੇ ਪਰਤਾਵੇ ਵਿੱਚ ਨਾ ਡਿੱਗੀਏ, ਨਹੀਂ ਤਾਂ ਅਸੀਂ ਧਰਤੀ ਉੱਤੇ ਸੜ ਜਾਵਾਂਗੇ ਅਤੇ ਇਹੀ ਸਭ ਕੁਝ ਹੋਵੇਗਾ।

237 ਅਤੇ ਜਦੋਂ ਪਵਿੱਤਰ ਆਤਮਾ ਤੁਹਾਡੇ ਦਿਲ ਤੇ ਦਸਤਕ ਦਿੰਦਾ ਹੈ, [ਭਾਈ ਬ੍ਰਨਹਾਮ ਪੁਲਪਿਟ ਤੇ ਦਸਤਕ ਦਿੰਦੇ ਹਨ—ਸੰਪਾ.] "ਐਨੇ ਚਿਰ ਮਗਰੋਂ, ਜਦੋਂ ਤੁਸੀਂ ਮੇਰੀ ਆਵਾਜ਼ ਸੁਣੋ, ਤਾਂ ਆਪਣੇ ਦਿਲਾਂ ਨੂੰ ਕਠੋਰ ਨਾ ਕਰੋ"। ਜੋ ਕਹਿੰਦੀ ਹੈ, "ਮੇਰੇ ਬੱਚੇ, ਇਹ ਸੱਚ ਹੈ।" ਸੰਦੇਸ਼ਵਾਹਕ ਵੱਲ ਨਾ ਦੇਖੋ। ਸੰਦੇਸ਼ ਨੂੰ ਸੁਣੋ। ਇਸ ਤੇ ਵਿਸ਼ਵਾਸ ਕਰੋ। "ਆਪਣੇ ਦਿਲਾਂ ਨੂੰ ਕਠੋਰ ਨਾ ਕਰੋ, ਜਿਵੇਂ ਬਗਾਵਤ ਦੇ ਦਿਨਾਂ ਵਿੱਚ।"

238 ਜਦੋਂ ਉਹ ਤੁਹਾਡੀ ਅਵਾਜ਼ ਸੁਣਦਾ ਹੈ, "ਆਪਣੇ ਦਿਲਾਂ ਨੂੰ ਕਠੋਰ ਨਾ ਕਰੋ।" ਫਿਰ ਤੁਸੀਂ ਕਹੋ, "ਹਾਂ, ਪ੍ਰਭੂ, ਮੈਂ ਵਿਸ਼ਵਾਸ ਕਰਦਾ ਹਾਂ।" ਫਿਰ ਤੁਸੀਂ ਜੀਵਨ ਵਿੱਚ ਦਾਖਲ ਹੋ ਜਾਂਦੇ ਹੋ, ਪਵਿੱਤਰ ਆਤਮਾ ਤੁਹਾਡੇ ਵਿੱਚ ਆ ਜਾਂਦਾ ਹੈ। ਤੁਹਾਡੀ ਪੁਰਾਣੀ ਆਤਮਾ ਮਰ ਜਾਂਦੀ ਹੈ, ਜੋ ਤੁਹਾਥੋਂ ਕਾਮਨਾ ਅਤੇ ਨਫ਼ਰਤ, ਅਤੇ ਈਰਖਾ ਅਤੇ ਵੈਰ ਕਰਾਉਂਦੀ ਹੈ, ਅਤੇ—ਅਤੇ ਨਫ਼ਰਤ ਅਤੇ ਉਹ ਸਾਰੀਆਂ ਚੀਜ਼ਾਂ, ਮਰ ਜਾਂਦੀਆਂ ਹਨ। ਅਤੇ ਤੁਸੀਂ ਪ੍ਰੇਮ, ਅਨੰਦ, ਸ਼ਾਂਤੀ, ਅਰਾਮ ਨਾਲ ਭਰਪੂਰ ਹੋ ਜਾਂਦੇ ਹੋ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਹਵਾ ਕਿਵੇਂ ਵਗਦੀ ਹੈ, ਸਭ ਠੀਕ ਹੈ।

ਮੇਰਾ ਲੰਗਰ ਪਰਦੇ ਦੇ ਅੰਦਰ ਹੈ;
ਹਰ ਉੱਚੀ ਅਤੇ ਤੂਫਾਨੀ ਹਨੇਰੀ ਵਿੱਚ,
ਮੇਰਾ ਲੰਗਰ ਪਰਦੇ ਦੇ ਅੰਦਰ ਹੈ।

ਕਿਉਂਕਿ ਮਸੀਹ ਉੱਤੇ, ਜੋ ਠੋਸ ਚੱਟਾਨ ਹੈ, ਮੈਂ ਖੜ੍ਹਾ ਹਾਂ;
ਤੇ ਹੋਰ ਸਾਰੀ ਧਰਤੀ ਧੱਸਦੀ ਹੋਈ ਰੇਤ ਹੈ।

239 ਉਥੇ ਤੁਸੀਂ ਹੋ। ਐਡੀ ਪੇਰੋਨੇਟ, ਜਿਵੇਂ ਉਸਨੇ ਉਹ ਮਸ਼ਹੂਰ ਗੀਤ ਲਿਖਿਆ ਸੀ। ਹੋਰ ਸਾਰੇ ਆਧਾਰ, ਸਾਰੀਆਂ ਸੰਪਰਦਾਵਾਂ, ਸਾਰੇ ਮੱਤ, ਸਾਰੇ ਸਿਧਾਂਤ, ਅਲੋਪ ਹੋ ਜਾਂਦੇ ਹਨ। ਮਸੀਹ!

ਤੁਸੀ ਕਹਿੰਦੇ ਹੋ, "ਅੱਛਾ, ਮੈਂ ਬਾਈਬਲ ਨੂੰ ਜਾਣਦਾ ਹਾਂ।" ਬਾਈਬਲ ਨੂੰ ਜਾਣ ਕੇ ਤੁਹਾਡੇ ਕੋਲ ਜੀਵਨ ਨਹੀਂ ਹੈ।

"ਮੈਂ ਆਪਣੇ ਕੈਟੇਚਿਜ਼ਮ ਨੂੰ ਜਾਣਦਾ ਹਾਂ।" ਤੁਹਾਡੇ ਕੋਲ ਤੁਹਾਡੇ ਕੈਟੇਚਿਜ਼ਮ ਨੂੰ ਜਾਣ ਕੇ ਜੀਵਨ ਨਹੀਂ ਹੈ।

"ਅੱਛਾ, ਮੈਂ ਇੱਕ ਮਸੀਹੀ ਹਾਂ।" ਮਸੀਹੀ ਹੋਣ ਦਾ ਦਾਅਵਾ ਕਰਨ ਨਾਲ ਤੁਹਾਡੇ ਕੋਲ ਜੀਵਨ ਨਹੀਂ ਹੈ।

240 ਉਸ ਨੂੰ ਜਾਣ ਕੇ ਤੁਹਾਡੇ ਕੋਲ ਜੀਵਨ ਹੈ। ਉਸ ਨੂੰ ਜਾਣ ਕੇ, ਤੁਹਾਡੇ ਕੋਲ ਜੀਵਨ ਹੈ। "ਫਿਰ ਤੁਸੀਂ ਉਸਦੇ ਅਰਾਮ ਵਿੱਚ ਦਾਖਲ ਹੁੰਦੇ ਹੋ। ਤੁਸੀਂ ਆਪਣੇ ਕੰਮਾਂ ਤੋਂ ਵਿਹਲੇ ਹੋ ਜਾਂਦੇ ਹੋ, ਜਿਵੇਂ ਪਰਮੇਸ਼ੁਰ ਆਪਣੇ ਕੰਮਾਂ ਤੋਂ ਹੋਇਆ ਸੀ।" ਤੁਹਾਨੂੰ ਪਰਮੇਸ਼ੁਰ ਦਾ ਪੁੱਤਰ, ਪਰਮੇਸ਼ੁਰ ਦਾ ਹਿੱਸੇਦਾਰ ਬਣਾਇਆ ਗਿਆ ਹੈ। ਅਤੇ ਜੇ ਉਹ—ਜੇ ਉਹ ਪਵਿੱਤਰ ਆਤਮਾ ਤੁਹਾਨੂੰ ਲੁਭਾਉਂਦਾ ਹੈ, ਅਤੇ ਤੁਸੀਂ ਪਿੱਛੇ ਮੁੜ ਕੇ ਕਹਿੰਦੇ ਹੋ, "ਹਾਂ, ਪ੍ਰਭੂ," ਜਾਂ ਆਓ।

241 ਆਓ, "ਮੇਰੇ ਕੋਲ ਆਓ, ਭਾਰ ਤੇ ਬੋਝ ਹੇਠ ਦੱਬੇ ਲੋਕੋ। ਮੈਂ ਤੁਹਾਨੂੰ ਅਰਾਮ ਦੇਵਾਂਗਾ।"

242 ਅਤੇ ਤੁਸੀਂ ਕਹਿੰਦੇ ਹੋ, "ਆਹ, ਮੈਂ ਜਵਾਨ ਹਾਂ। ਮੇਰੇ ਕੋਲ...ਔਹ, ਮੇਰੇ ਪਾਸਟਰ ਨਹੀਂ ਕਰਦੇ...ਮੈਂ ਇਹੀ ਸਭ ਕਰਨਾ ਹੈ..." ਦੇਖੋ? ਤੁਸੀਂ ਇਸਨੂੰ ਕਦੇ ਨਹੀਂ ਲੱਭ ਸਕੋਗੇ।

243 ਪਰ ਜਦੋਂ ਤੁਸੀਂ ਕਹਿੰਦੇ ਹੋ, "ਹਾਂ, ਮੇਰੇ ਪ੍ਰਭੂ। ਮੈਂ ਤੇਰੀ ਆਵਾਜ਼ ਸੁਣਦਾ ਹਾਂ। ਮੈਂ ਆਪਣਾ ਦਿਲ ਕਠੋਰ ਨਹੀਂ ਕਰਦਾ। ਮੈਨੂੰ ਪਰਵਾਹ ਨਹੀਂ, ਪ੍ਰਭੂ, ਇਹ ਤੁਹਾਡਾ ਵਚਨ ਹੈ ਅਤੇ ਮੈਂ ਤੁਹਾਡੇ ਤੇ ਵਿਸ਼ਵਾਸ ਕਰਦਾ ਹਾਂ। ਮੈਨੂੰ ਲੈ ਲਓ, ਯਿਸੂ, 'ਜਿਵੇਂ ਮੈਂ ਹਾਂ, ਬਿਨਾਂ ਕਿਸੇ ਮੁਕੱਦਮੇ ਦੇ, ਪਰ ਤੇਰਾ ਲਹੂ ਮੇਰੇ ਲਈ ਵਹਾਇਆ ਗਿਆ ਸੀ। ਅਤੇ ਉੱਥੇ ਮੈਂ ਵਾਅਦਾ ਕਰਾਂਗਾ, "ਮੈਂ ਵਿਸ਼ਵਾਸ ਕਰਾਂਗਾ।" ਹੇ ਪਰਮੇਸ਼ੁਰ ਦੇ ਲੇਲੇ, ਮੈਂ ਆਉਂਦਾ ਹਾਂ।'" ਉਸਦੇ ਮਰ ਰਹੇ ਸਿਰ ਤੇ ਹੱਥ ਰੱਖ ਕੇ, ਕਹੋ, "ਪ੍ਰਭੂ, ਮੈਂ ਇੱਕ ਪਾਪੀ ਹਾਂ, ਅਤੇ ਤੁਸੀਂ ਮੈਨੂੰ ਬੁਲਾਇਆ ਹੈ।"

244 "ਉਹ ਸਭ ਜੋ ਪਿਤਾ ਨੇ ਮੈਨੂੰ ਦਿੱਤੇ ਹਨ ਮੇਰੇ ਕੋਲ ਆਉਣਗੇ, ਅਤੇ ਮੈਂ ਉਹਨਾਂ ਨੂੰ ਅੰਤਮ ਦਿਨਾਂ ਵਿੱਚ ਉਠਾਵਾਂਗਾ।"

245 "ਹਾਂ, ਪ੍ਰਭੂ, ਮੈਂ ਆਉਂਦਾ ਹਾਂ। ਮੈਂ ਆਪਣੇ ਦਿਲ ਨੂੰ ਕਠੋਰ ਨਹੀਂ ਕਰਦਾ, ਜਿਵੇਂ ਉਨ੍ਹਾਂ ਨੇ ਬਗਾਵਤ ਦੇ ਦਿਨ ਕੀਤਾ ਸੀ, ਮੈਂ ਸੱਚਮੁੱਚ ਵਿਸ਼ਵਾਸ ਕਰਦਾ ਹਾਂ।"

246 ਫਿਰ ਉਹ ਕੀ ਕਰਦਾ ਹੈ? ਉਹ ਤੁਹਾਨੂੰ ਆਪਣਾ ਜੀਵਨ, ਜ਼ੋਏ, ਸਦੀਪਕ ਜੀਵਨ ਦਿੰਦਾ ਹੈ। ਅਤੇ ਜੇਕਰ ਪਰਮੇਸ਼ੁਰ ਸਾਨੂੰ ਧਰਤੀ ਦੀ ਧੂੜ ਵਿੱਚੋਂ ਉਠਾ ਸਕਦਾ ਹੈ, ਜਿੱਥੋਂ ਅਸੀਂ ਆਏ ਹਾਂ...ਕੀ ਅਸੀਂ ਮਿੱਟੀ ਤੋਂ ਆਏ ਹਾਂ? ਹਰ ਚੀਜ਼ ਜੋ ਤੁਸੀਂ ਦੇਖਦੇ ਹੋ, ਮਿੱਟੀ ਤੋਂ ਆਉਂਦੀ ਹੈ। ਅਤੇ ਜੇ ਪਰਮੇਸ਼ੁਰ ਮੈਨੂੰ ਉਹ ਬਣਾ ਸਕਦਾ ਹੈ ਜੋ ਮੈਂ ਅੱਜ ਹਾਂ, ਬਿਨਾਂ ਕਿਸੇ ਵਿਕਲਪ ਦੇ; ਸਿਰਫ਼ ਇਸ ਲਈ ਕਿਉਂਕਿ ਉਸਦੀ ਇੱਛਾ ਮੈਨੂੰ ਬਣਾਉਣ ਦੀ ਸੀ, ਅਤੇ ਮੈਨੂੰ ਕਲਵਰੀ ਦਾ ਸਾਹਮਣਾ ਕਰਨ ਅਤੇ ਆਪਣਾ ਫੈਸਲਾ ਲੈਣ ਦਾ ਮੌਕਾ ਦੇਣਾ ਸੀ; ਅਤੇ

ਮੈਂ ਆਪਣਾ ਫੈਸਲਾ ਕੀਤਾ ਅਤੇ ਉਸ ਵਿੱਚ ਵਿਸ਼ਵਾਸ ਕੀਤਾ; ਉਹ ਮੈਨੂੰ ਹੋਰ ਕਿੰਨਾ ਕੁ ਉੱਚਾ ਕਰੇਗਾ! ਜੇ ਉਸਨੇ ਮੈਨੂੰ ਬਣਾਇਆ ਹੈ ਜੋ ਮੈਂ ਹਾਂ, ਬਿਨਾਂ ਕਿਸੇ ਵਿਕਲਪ ਦੇ, ਤਾਂ ਮੈਂ ਇੱਕ ਵਿਕਲਪ ਲਿਆ ਅਤੇ ਉਸਨੂੰ ਅੰਦਰ ਲੈ ਲਿਆ; ਜਦੋਂ ਉਸਨੇ ਆਪਣੇ ਹੱਥ ਆਪਣੇ ਉੱਤੇ ਰੱਖੇ, ਅਤੇ ਆਪਣੇ ਆਪ ਦੀ ਸਹੁੰ ਖਾਧੀ, ਕਿ ਉਹ ਮੈਨੂੰ ਅੰਤਲੇ ਦਿਨ ਉਠਾਏਗਾ। ਮੈਂ ਯਕੀਨ ਕਰਾਂਗਾ।

247 ਮੈਨੂੰ ਅਰਾਮ ਹੈ, ਇਸ ਲਈ ਨਹੀਂ ਕਿ ਮੈਂ ਐਤਵਾਰ ਨੂੰ ਅਰਾਧਨਾ ਕਰਦਾ ਹਾਂ, ਇਸ ਲਈ ਨਹੀਂ ਕਿ ਮੈਂ ਸਬਤ ਦੇ ਦਿਨ ਅਰਾਧਨਾ ਕਰਦਾ ਹਾਂ। ਇਸ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਮੈਂ ਅਰਾਧਨਾ ਕਰਦਾ ਹਾਂ ਕਿਉਂਕਿ ਮੈਂ ਉਸਦੀ ਸ਼ਾਂਤੀ ਅਤੇ ਅਰਾਮ ਵਿੱਚ ਦਾਖਲ ਹੋ ਗਿਆ ਹਾਂ: ਸ਼ਾਂਤੀ, ਅਰਾਮ, ਪ੍ਰੇਮ, ਅਨੰਦ। ਤੂਫਾਨਾਂ ਨੂੰ ਵਹਿਣ ਦਿਓ; ਮੇਰਾ ਲੰਗਰ ਮਜਬੂਤ ਹੈ।

248 ਕੀ ਅੱਜ ਰਾਤ, ਤੁਹਾਨੂੰ ਉਹ ਅਨੁਭਵ ਮਿਲਿਆ ਹੈ, ਮੇਰੇ ਦੋਸਤ ਜੋ ਇੱਥੇ ਇਸ ਗਰਮ ਤੰਬੂ ਵਿੱਚ ਬੈਠਾ ਹੋਏ ਹੋ? ਤੁਸੀਂ ਮੈਨੂੰ ਸੁਣਨ ਨਹੀਂ ਆਏ। ਨਹੀਂ। ਤੁਸੀਂ ਵਚਨ ਸੁਣਨ ਲਈ ਆਉਂਦੇ ਹੋ। ਸੁਣੋ, ਮੇਰੇ ਦੋਸਤ।

249 ਹੁਣ ਜੇਕਰ ਤੁਹਾਨੂੰ ਉਹ ਅਰਾਮ ਨਹੀਂ ਮਿਲਿਆ ਹੈ, ਤਾਂ ਤੁਸੀਂ ਇਸਨੂੰ ਹੁਣੇ ਲੱਭ ਸਕਦੇ ਹੋ। ਤੁਹਾਨੂੰ ਇੱਥੇ ਜਗਵੇਦੀ ਉੱਤੇ ਆਉਣ ਦੀ ਲੋੜ ਨਹੀਂ ਹੈ। ਤੁਸੀਂ ਜਿੱਥੇ ਹੋ ਉੱਥੇ ਹੀ ਬੈਠੇ ਰਹੋ। ਇਮਾਨਦਾਰ ਬਣੋ, ਅਤੇ ਕਹੋ, "ਮਸੀਹ, ਮੇਰੇ ਦਿਲ ਨਾਲ ਗੱਲ ਕਰੋ। ਮੈਨੂੰ ਪਤਾ ਹੈ ਇੱਥੇ ਗਰਮੀ ਹੈ। ਮੈਂ—ਮੈਂ ਬੱਸ ਪਸੀਨੇ ਨਾਲ, ਭਰਿਆ ਹੋਇਆ ਹਾਂ। ਮੈਂ ਭੱਦਾ ਹਾਂ। ਪਰ, ਪ੍ਰਭੂ, ਸੱਚਮੁੱਚ, ਹੋ ਸਕਦਾ ਹੈ ਮੈਂ ਪੀੜ ਨਾਲ ਪਸੀਨਾ ਵਹਾ ਰਿਹਾ ਹੁੰਦਾ, ਇਸ ਤੋਂ ਵਧੇਰੇ ਪਹਿਲਾਂ, ਇਸ ਤੋਂ ਵੀ ਵੱਧ, ਇਸ ਸਵੇਰ ਤੋਂ ਪਹਿਲਾਂ।"

ਅਤੇ ਡਾਕਟਰ ਆਪਣਾ ਸਿਰ ਹਿਲਾ ਦਿੰਦਾ, ਕਹਿ ਦਿੰਦਾ, "ਇਹ ਦਿਲ ਦਾ ਦੌਰਾ ਹੈ। ਉਹ ਮਰ ਗਿਆ ਹੈ।" ਫਿਰ ਕੀ ਹੁੰਦਾ?

250 ਫਿਰ ਕੀ ਹੁੰਦਾ? ਜਦੋਂ ਮਹਾਨ ਪੁਸਤਕ ਖੋਲ੍ਹੀ ਜਾਂਦੀ ਹੈ, ਤਾਂ ਫਿਰ ਕੀ ਹੁੰਦਾ? ਤੁਸੀਂ ਉਹ ਗੀਤ ਸੁਣਿਆ, *ਫਿਰ ਕੀ?* "ਜਦੋਂ ਸੰਦੇਸ਼ ਨੂੰ ਰੱਦ ਕਰਨ ਵਾਲਿਆਂ ਨੂੰ, ਕਾਰਨ ਦੱਸਣ ਲਈ ਕਿਹਾ ਜਾਵੇਗਾ, ਤਾਂ ਫਿਰ ਕੀ ਹੋਵੇਗਾ?" ਫਿਰ ਕੀ? ਹੁਣ ਇਸ ਬਾਰੇ ਸੋਚੋ, ਅਸਲ ਗਹਿਰਾਈ ਨਾਲ।

251 ਜਦੋਂ ਅਸੀਂ ਆਪਣਾ ਸਿਰ ਝੁਕਾਉਂਦੇ ਹਾਂ, ਇਸ ਬਾਰੇ ਸੋਚੋ।

> ਜਦੋਂ ਉਹ ਜੋ ਅੱਜ ਰਾਤ ਇਸ ਸੰਦੇਸ਼ ਨੂੰ ਰੱਦ ਕਰ ਰਿਹਾ ਹੈ,
> ਉਸ ਨੂੰ ਕਾਰਨ ਦੱਸਣ ਲਈ ਕਿਹਾ ਜਾਵੇਗਾ—ਫਿਰ ਕੀ ਹੋਵੇਗਾ?

ਫਿਰ ਕੀ? ਫਿਰ ਕੀ?
ਜਦੋਂ ਮਹਾਨ ਪੁਸਤਕ ਖੋਲ੍ਹੀ ਜਾਵੇਗੀ, ਤਾਂ ਫਿਰ ਕੀ ਹੋਵੇਗਾ?
ਜਦੋਂ ਅੱਜ ਰਾਤ ਇਸ ਸੰਦੇਸ਼ ਨੂੰ ਰੱਦ ਕਰਨ ਵਾਲਿਓ,
ਤੁਹਾਨੂੰ ਇੱਕ ਕਾਰਨ ਦੱਸਣ ਲਈ ਕਿਹਾ ਜਾਵੇਗਾ—ਫਿਰ ਕੀ ਹੋਵੇਗਾ?

252 ਸਵਰਗੀ ਪਿਤਾ, ਇਹ ਸਭ ਹੁਣ ਤੁਹਾਡੇ ਹੱਥ ਵਿੱਚ ਹੈ। ਇਹ ਸੱਚਾ ਸਬਤ ਲੋਕਾਂ ਦੇ ਸਾਹਮਣੇ ਰੱਖਿਆ ਗਿਆ ਹੈ। ਪਰਮੇਸ਼ੁਰ ਦਾ ਦੂਤ ਇੱਥੇ ਹੈ, ਪਿਛਲੇ ਕੁਝ ਸਾਲਾਂ ਤੋਂ, ਦੁਨੀਆ ਭਰ ਵਿੱਚ ਧਮਾਕੇ ਕੀਤੇ ਹਨ। ਆਲੋਚਕਾਂ ਅਤੇ ਹੋਰ ਸਾਰੀਆਂ ਨੇ, ਇਸ ਦੀ ਨਿੰਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰ, ਹਰ ਵਾਰ, ਤੁਸੀਂ ਆਪਣੇ ਆਪ ਨੂੰ ਪਰਮੇਸ਼ੁਰ ਸਾਬਤ ਕਰਦੇ ਹੋ।

253 ਵਿਗਿਆਨਕ ਜਗਤ, ਕਲੀਸਿਯਾ ਜਗਤ; ਕੀ ਉਹ ਅੰਨ੍ਹੇ ਹਨ, ਪ੍ਰਭੂ? ਹੋ ਸਕਦਾ ਹੈ ਕਿ ਅੱਜ ਰਾਤ ਇੱਥੇ ਕੋਈ ਹੈ ਜੋ ਆਪਣੀ ਨਜਰ ਪ੍ਰਾਪਤ ਕਰਨਾ ਚਾਹੁੰਦਾ ਹੈ, ਚੱਲਣ ਲਈ, ਅਤੇ ਪਰਮੇਸ਼ੁਰ ਨੂੰ ਨਾ ਪਰਤਾਉਣ ਲਈ, ਜਿਵੇਂ ਬਗਾਵਤ ਦੇ ਦਿਨਾਂ ਵਿੱਚ; ਉਸ ਨੂੰ ਪਰਤਾਉਣ ਦੀ ਕੋਸ਼ਿਸ਼ ਕਰਨ ਲਈ ਨਹੀਂ, ਐਤਵਾਰ ਨੂੰ ਚੰਗੇ ਬਣ ਕੇ, ਜਾਂ ਕੋਈ ਖਾਸ ਦਿਨ ਰੱਖ ਕੇ, ਜਾਂ ਕਿਸੇ ਖਾਸ ਧਰਮ ਨਾਲ, ਜਾਂ ਕਿਸੇ ਖਾਸ ਕਲੀਸਿਯਾ ਨਾਲ ਸਬੰਧਤ ਹੋ ਕੇ। ਪਰ ਉਹ ਜੋ ਬਾਹਰ ਆਵੇ ਅਤੇ ਸੁੰਨਤ ਕਰਾਵੇ, ਦਿਲ ਦੀ, ਅਤੇ ਪਵਿੱਤਰ ਆਤਮਾ ਪ੍ਰਾਪਤ ਕਰਨਾ ਚਾਹੇ। ਅਤੇ ਉਹ ਉਸਨੂੰ ਚਾਹੁੰਦੇ ਹਨ। ਹੁਣ ਵਿਸ਼ਵਾਸ ਦੁਆਰਾ, ਉਹ ਉਸਨੂੰ ਆਪਣੇ ਦਿਲ ਵਿੱਚ ਸਵੀਕਾਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਤੁਹਾਡੇ ਨਾਲ ਕਿਰਪਾ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ, ਪ੍ਰਭੂ।

254 ਔਹ, ਹੋ ਸਕਦਾ ਹੈ ਕਿ ਉਹਨਾਂ ਪਰਾਈਆਂ ਭਾਸਾਂਵਾਂ ਬੋਲੀਆਂ ਹੋਣ। ਉਨ੍ਹਾਂ ਨੇ ਸ਼ਾਇਦ ਰੌਲਾ ਪਾਇਆ ਹੋਵੇਗਾ। ਉਨ੍ਹਾਂ ਕੋਲ ਅਜੇ ਵੀ ਉਹੀ ਪੁਰਾਣਾ ਗੁਸੈਲ ਸੁਭਾਅ ਹੈ। ਉਨ੍ਹਾਂ ਕੋਲ ਅਜੇ ਵੀ ਉਹੀ ਪੁਰਾਣੀ ਈਰਖਾ ਹੈ। ਉਹ ਅਜੇ ਵੀ ਚੁਗਲੀ ਕਰਦੇ ਹਨ ਅਤੇ ਗੱਲਾਂ ਕਰਦੇ ਹਨ, ਅਤੇ ਉਹ ਕੰਮ ਕਰਦੇ ਹਨ ਜੋ ਉਨ੍ਹਾਂ ਨੂੰ ਨਹੀਂ ਕਰਨੇ ਚਾਹੀਦੇ। ਉਹ ਇਹ ਨਹੀਂ ਚਾਹੁੰਦੇ, ਪ੍ਰਭੂ। ਫਿਰ ਕੀ ਹੋਵੇਗਾ, ਜਦੋਂ ਉਹ ਮਹਾਨ ਕਿਤਾਬ ਖੋਲ੍ਹੀ ਜਾਵੇਗੀ, ਉਸਨੇ ਕਿਹਾ, "ਅਜਿਹੇ ਲੋਕ ਰਾਜ ਵਿੱਚ ਦਾਖਲ ਨਹੀਂ ਹੋਣਗੇ"? "ਇਸ ਲਈ ਤੁਸੀਂ ਸੰਪੂਰਣ ਬਣੋ, ਜਿਵੇਂ ਤੁਹਾਡਾ ਸਵਰਗ ਵਿੱਚ ਪਿਤਾ ਸੰਪੂਰਣ ਹੈ।" ਉਸ ਤੋਂ ਘੱਟ ਕੋਈ ਵੀ ਚੀਜ਼ ਅੰਦਰ ਨਹੀਂ ਜਾਵੇਗੀ। ਕੀ ਉਹ ਅੱਜ ਰਾਤ, ਸਲੀਬ ਉੱਤੇ, ਪੂਰਾ ਭਰੋਸਾ ਕਰ ਰਹੇ ਹਨ? ਜੇ ਨਹੀਂ, ਪ੍ਰਭੂ, ਤਾਂ ਹੋਣ ਦੇ ਹੁਣੇ ਹੀ ਸਦੀਪਕ "ਹਾਂ" ਕਹਿਣ।

255 ਕਹੋ, "ਪ੍ਰਭੂ, ਮੈਂ...ਕੋਈ ਭਾਵਨਾ ਨਹੀਂ, ਪਰ ਮੈਂ ਆਪਣੇ ਦਿਲ ਵਿੱਚ ਕੁਝ ਮਹਿਸੂਸ ਕਰਦਾ ਹਾਂ, ਜੋ ਮੈਨੂੰ ਦੱਸ ਰਿਹਾ ਹੈ, 'ਤੁਹਾਡੀ ਕਿਰਪਾ ਨਾਲ, ਮੈਂ ਇਸ ਨੂੰ ਹੁਣੇ ਕਰ ਸਕਦਾ ਹਾਂ।' ਅਤੇ ਮੈਂ ਹੁਣ ਤੁਹਾਨੂੰ ਆਪਣੇ ਨਿੱਜੀ ਮੁਕਤੀਦਾਤਾ ਵਜੋਂ ਸਵੀਕਾਰ ਕਰ ਰਿਹਾ ਹਾਂ। ਮੈਂ—ਮੈਂ ਸੰਸਾਰ ਦੀਆਂ ਸਾਰੀਆਂ ਚੀਜ਼ਾਂ ਨੂੰ ਰੱਦ ਕਰ ਰਿਹਾ ਹਾਂ, ਅਤੇ ਮੈਂ ਤੁਹਾਡੇ ਅਰਾਮ ਵਿੱਚ ਪ੍ਰਵੇਸ਼ ਕਰਨਾ ਚਾਹੁੰਦਾ ਹਾਂ। ਅਤੇ ਮੈਨੂੰ ਵਿਸ਼ਵਾਸ ਹੈ ਕਿ ਮੈਂ ਇਸ ਨੂੰ ਹੁਣੇ ਕਰ ਰਿਹਾ ਹਾਂ। ਮੈਨੂੰ ਵਿਸ਼ਵਾਸ ਹੈ ਕਿ ਪਵਿੱਤਰ ਆਤਮਾ ਮੈਨੂੰ ਉਸੇ ਥਾਂ ਤੇ ਲਿਆ ਰਿਹਾ ਹੈ।"

256 ਜਦਕਿ ਹਰ ਸਿਰ ਝੁਕਿਆ ਹੋਇਆ ਹੈ। ਕੀ ਕੋਈ ਹੁਣੇ ਇਸ ਤਰ੍ਹਾਂ ਮਹਿਸੂਸ ਕਰਦਾ ਹੈ? ਆਪਣਾ ਹੱਥ ਖੜ੍ਹਾ ਕਰੋ, "ਪਵਿੱਤਰ ਆਤਮਾ ਹੁਣ ਮੈਨੂੰ ਇੱਕ ਅਜਿਹੀ ਥਾਂ ਤੇ ਲਿਆ ਰਿਹਾ ਹੈ ਜਿੱਥੇ ਮੈਂ ਹੋਰ ਕੋਈ ਚੁਗਲੀ ਨਹੀਂ ਕਰਾਂਗਾ।" ਪਰਮੇਸ਼ੁਰ ਤੁਹਾਨੂੰ ਬਰਕਤ ਦਵੇ। "ਮੈਂ ਉਹ ਕੰਮ ਨਹੀਂ ਕਰਾਂਗਾ। ਮੇਰਾ ਗੁੱਸਾ ਖਤਮ ਹੋ ਗਿਆ ਹੈ। ਮੈਂ ਹੁਣ ਤੋਂ, ਸ਼ਾਂਤੀ ਅਤੇ ਅਨੰਦ ਅਤੇ ਸਹਿਣਸ਼ੀਲਤਾ ਵਿੱਚ ਰਹਿ ਸਕਦਾ ਹਾਂ। ਮੈਨੂੰ ਵਿਸ਼ਵਾਸ ਹੈ ਕਿ ਪਰਮੇਸ਼ੁਰ ਇਸ ਸਮੇਂ ਮੇਰੇ ਨਾਲ ਗੱਲ ਕਰ ਰਿਹਾ ਹੈ, ਕਿ ਮੈਂ ਇਸ ਘੜੀ ਤੋਂ ਇਸ ਨੂੰ ਕਰ ਸਕਦਾ ਹਾਂ, ਉਸਦੀ ਕਿਰਪਾ ਨਾਲ।" ਕੀ ਤੁਸੀਂ ਆਪਣੇ ਹੱਥ ਉਠਾਓਗੇ? ਪਰਮੇਸ਼ੁਰ ਤੁਹਾਨੂੰ ਬਰਕਤ ਦਵੇ। ਪਰਮੇਸ਼ੁਰ ਤੈਨੂੰ ਬਰਕਤ ਦਵੇ ਜਵਾਨ ਔਰਤ। ਕੋਈ ਹੋਰ? "ਮੈਨੂੰ ਹੁਣ ਵਿਸ਼ਵਾਸ ਹੈ।"

257 ਉਸ ਨੂੰ ਨਾ ਪਰਤਾਓ, ਜਿਵੇਂ ਬਗਾਵਤ ਦੇ ਦਿਨ ਵਿੱਚ। ਇਹ ਨਾ ਸੋਚੋ ਕਿਉਂਕਿ ਅਸੀਂ ਐਤਵਾਰ ਨੂੰ ਗਿਰਜੇ ਜਾਂਦੇ ਹਾਂ, ਜਾਂ ਸਬਤ ਦਾ ਦਿਨ ਰੱਖਦੇ ਹਾਂ। ਪੌਲੁਸ ਨੇ ਕਿਹਾ, "ਤੁਸੀਂ ਜੋ ਦਿਨ ਜਾਂ ਚੰਦ, ਜਾਂ ਅਜਿਹੀਆਂ ਚੀਜਾਂ ਮਨਾਉਂਦੇ ਹੋ, ਮੈਂ ਤੁਹਾਡੇ ਤੋਂ ਡਰਦਾ ਹਾਂ। ਸ਼ਰਾ ਵਿੱਚ ਆਉਣ ਵਾਲੀਆਂ ਚੰਗੀਆਂ ਚੀਜ਼ਾਂ ਦਾ ਪਰਛਾਵਾਂ ਸੀ, ਅਤੇ ਅਸਲ ਚੀਜ ਦੀ ਮੂਰਤ ਨਹੀਂ, ਜੋ ਕਦੇ ਵੀ ਭਗਤੀ ਕਰਨ ਵਾਲੇ ਨੂੰ ਸੰਪੂਰਨ ਨਹੀਂ ਬਣਾ ਸਕਦੀ।" ਪਰ ਮਸੀਹ ਤੁਹਾਨੂੰ ਪਰਮੇਸ਼ੁਰ ਦੀ ਨਜ਼ਰ ਵਿੱਚ ਸੰਪੂਰਨ, ਸੰਪੂਰਨ ਬਣਾਉਂਦਾ ਹੈ। ਉਹ ਤੁਹਾਡੇ ਪਾਪ ਦੂਰ ਕਰਦਾ ਹੈ, ਤੁਹਾਡੇ ਤੋਂ ਦੋਸ਼ ਲੈਂਦਾ ਹੈ, ਤੁਹਾਨੂੰ ਆਪਣਾ ਪ੍ਰੇਮ ਅਤੇ ਅਨੰਦ ਦਿੰਦਾ ਹੈ।

258 ਕੀ ਤੁਸੀਂ ਹੁਣ ਅਰਾਮ ਵਿੱਚ ਦਾਖਲ ਹੋਵੋਗੇ? ਕੋਈ ਹੋਰ ਹੱਥ ਚੁੱਕ ਕੇ, ਕਹੇ, "ਮੈਂ ਅਜਿਹਾ ਕੀਤਾ ਹੈ।" ਪਰਮੇਸ਼ੁਰ ਤੈਨੂੰ ਅਸੀਸ ਦੇਵੇ, ਨੌਜਵਾਨ ਔਰਤ, ਇੱਥੇ ਮੇਰੇ ਖੱਬੇ ਪਾਸੇ। ਪਰਮੇਸ਼ੁਰ ਮੇਰੇ ਸੱਜੇ ਪਾਸੇ ਬੈਠੇ ਹੋਏ ਆਦਮੀ ਨੂੰ ਆਸੀਸ ਦਵੇ। ਉਸ ਦੇ ਅਰਾਮ ਵਿੱਚ ਪ੍ਰਵੇਸ਼ ਕਰਨਾ, ਹੁਣੇ ਹੀ ਇਸ ਬਾਰੇ ਸੋਚੋ।

259 ਪ੍ਰਾਰਥਨਾ ਕਰੋ, "ਜਿਵੇਂ ਮੈਂ ਹਾਂ, ਪ੍ਰਭੂ, ਬਿਨਾਂ ਕਿਸੇ ਬਹਿਸ ਦੇ; ਮੈਂ ਚੰਗਾ ਨਹੀਂ ਹਾਂ। ਮੈਂ ਤੁਹਾਨੂੰ ਕੁਝ ਵੀ ਨਹੀਂ ਦੇ ਸਕਦਾ, ਪਰ ਸਿਰਫ ਮੇਰੀ ਪੁਰਾਣੀ,

ਖਰਾਬ, ਪਾਪੀ ਜ਼ਿੰਦਗੀ। ਕੀ ਤੁਸੀਂ ਮੈਨੂੰ ਸਵੀਕਾਰ ਕਰੋਗੇ? ਸ਼ੁੱਧ? ਆਜਾਦ? ਕਿਉਂਕਿ, ਮੈਂ ਵਾਅਦਾ ਕੀਤਾ ਸੀ ਕਿ ਮੈਂ ਵਿਸ਼ਵਾਸ ਕਰਾਂਗਾ। ਹੇ ਪਰਮੇਸ਼ੁਰ ਦੇ ਲੇਲੇ, ਮੈਂ ਆਉਂਦਾ ਹਾਂ। ਮੈਂ ਹੁਣ ਆਇਆ ਹਾਂ, ਇਹ ਵਿਸ਼ਵਾਸ ਕਰਦੇ ਹੋਏ ਕਿ ਹੁਣ ਮੈਂ ਮੌਤ ਤੋਂ ਜੀਵਨ ਵਿੱਚ ਚਲਾ ਗਿਆ ਹਾਂ। ਕਿਉਂਕਿ, ਇੱਥੇ ਮੇਰੀ ਸੀਟ ਵਿੱਚ, ਮੈਂ ਤੁਹਾਨੂੰ ਆਪਣੇ ਮੁਕਤੀਦਾਤਾ ਵਜੋਂ ਸਵੀਕਾਰ ਕੀਤਾ ਹੈ ਅਤੇ ਮੈਂ ਆਪਣੇ ਦਿਲ ਵਿੱਚ ਸ਼ਾਂਤੀ ਮਹਿਸੂਸ ਕਰਦਾ ਹਾਂ।"

260 ਪੰਜ ਲੋਕਾਂ ਨੇ ਆਪਣੇ ਹੱਥ ਖੜ੍ਹੇ ਕੀਤੇ ਹਨ। ਕੀ ਕੋਈ ਹੋਰ ਹੈ, ਜੋ ਇਸ ਤਰ੍ਹਾਂ ਮਹਿਸੂਸ ਕਰਦਾ ਹੈ, ਆਪਣਾ ਹੱਥ ਉਠਾਏਗਾ? ਜੇਕਰ ਤੁਸੀਂ ਮਸੀਹੀ ਨਹੀਂ ਹੋ, ਤਾਂ ਉਸਨੂੰ ਹੁਣੇ ਸਵੀਕਾਰ ਕਰੋ।

261 ਜੇ ਤੁਸੀਂ ਇੱਕ ਮਸੀਹੀ ਹੋਣ ਦਾ ਦਾਅਵਾ ਕਰਦੇ ਹੋ ਅਤੇ ਉਸ ਤਰ੍ਹਾਂ ਦੇ ਨਹੀਂ ਰਹੇ, ਤਾਂ ਤੁਸੀਂ ਅਜੇ ਵੀ ਇੱਕ ਪਾਪੀ ਹੋ, ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ—ਤੁਸੀਂ ਜੀਵਨ ਵਿੱਚ ਕੀ ਕੀਤਾ ਹੈ, ਜਾਂ ਤੁਸੀਂ ਆਪਣੇ ਆਪ ਨੂੰ ਕਿਵੇਂ ਬਣਾਉਣ ਦੀ ਕੋਸ਼ਿਸ਼ ਕਰਦੇ ਹੋ। ਜੋ ਤੁਸੀਂ ਕਰਦੇ ਹੋ, ਸਵੀਕਾਰ ਨਹੀਂ ਕੀਤਾ ਜਾਂਦਾ ਹੈ। ਇਹ ਉਹ ਹੈ ਜੋ ਉਸਨੇ ਕੀਤਾ ਹੈ। ਤੁਹਾਡੀ ਆਪਣੀ ਧਾਰਮਿਕਤਾ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਜੇ ਤੁਸੀਂ ਇਸ ਕਰਕੇ ਸਿਗਰਟ ਪੀਣੀ ਛੱਡ ਦਿੱਤੀ ਹੈ ਕਿਉਂਕਿ ਤੁਸੀਂ ਕਿਹਾ ਸੀ, "ਖੈਰ, ਮੇਰਾ ਸਿਗਰਟਨੋਸ਼ੀ ਛੱਡਣਾ ਬਿਹਤਰ ਹੈ ਕਿਉਂਕਿ ਮੈਂ ਮਸੀਹੀ ਹੋਣ ਦਾ ਦਾਅਵਾ ਕਰਦਾ ਹਾਂ," ਪਰਮੇਸ਼ੁਰ ਇਸ ਨੂੰ ਸਵੀਕਾਰ ਨਹੀਂ ਕਰੇਗਾ। ਜੇ ਤੁਸੀਂ ਔਰਤਾਂ ਦੀ ਇੱਛਾ ਛੱਡ ਦਿੰਦੇ ਹੋ, ਸਿਰਫ ਇਸ ਲਈ ਕਿ ਤੁਸੀਂ ਆਪਣੇ ਆਪ ਨੂੰ ਅਜਿਹਾ ਕਰਨ ਲਈ ਮਜਬੂਰ ਕਰ ਰਹੇ ਹੋ, ਤਾਂ ਪਰਮੇਸ਼ੁਰ ਇਸ ਨੂੰ ਸਵੀਕਾਰ ਨਹੀਂ ਕਰਦਾ। ਇਹ ਉਹ ਚੀਜ਼ ਹੈ ਜੋ ਤੁਸੀਂ ਕਰਦੇ ਹੋ। ਇਹ ਕੰਮ ਹਨ। ਇਹ ਕਿਰਪਾ ਹੈ ਜੋ ਤੁਹਾਨੂੰ ਬਚਾਉਂਦੀ ਹੈ। ਕੀ ਪਰਮੇਸ਼ੁਰ ਨੇ ਤੁਹਾਡੇ ਕੋਲ ਆ ਕੇ ਤੁਹਾਡੇ ਵਿੱਚੋਂ ਸਾਰੀ ਚੀਜ਼ ਲੈ ਲਈ ਹੈ? ਇਹ ਅਗਲੀ ਗੱਲ ਹੈ।

262 ਤੁਸੀ ਕਹਿੰਦੇ ਹੋ, "ਮੈਂ ਇੱਕ ਕਲੀਸਿਯਾ ਵਿਚ ਸ਼ਾਮਲ ਹੋ ਗਿਆ, ਅਤੇ ਇਸ ਲਈ ਮੈਨੂੰ ਇਹਨਾਂ ਚੀਜ਼ਾਂ ਨੂੰ ਛੱਡਣਾ ਪਿਆ।" ਪਰਮੇਸ਼ੁਰ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ, ਤੁਸੀਂ ਕੁਝ ਵੀ ਨਹੀਂ ਦੇ ਸਕਦੇ। ਉਹ ਸਿਰਫ਼ ਉਹੀ ਸਵੀਕਾਰ ਕਰਦਾ ਹੈ ਜੋ ਮਸੀਹ ਦਿੰਦਾ ਹੈ। ਉਹ ਤੁਹਾਨੂੰ ਸਦੀਪਕ ਜੀਵਨ ਦਿੰਦਾ ਹੈ, ਅਤੇ ਇਹੀ ਤੁਹਾਡੇ ਤੋਂ ਲੈਂਦਾ ਹੈ। ਕੀ ਤੁਸੀਂ ਇਸਨੂੰ ਸਵੀਕਾਰ ਕਰੋਗੇ?

> ...ਤੂਫਾਨੀ, ਜੰਗਲੀ ਸਮੁੰਦਰ ਤੇ,
> ਆਓ, ਆਪਣੀ ਆਤਮਾ ਨੂੰ ਅਰਾਮ ਦੀ ਪਨਾਹ ਵਿੱਚ
> ਲੰਗਰ ਪਾਓ,

ਅਤੇ ਕਹੋ, "ਮੇਰਾ ਪ੍ਰੀਤਮ ਮੇਰਾ ਹੈ।"
ਮੈਂ ਆਪਣੀ ਆਤਮਾ ਨੂੰ ਲੰਗਰ ਪਾਇਆ ਹੈ...

ਠੀਕ ਹੈ, ਤੁਸੀਂ ਆਪਣਾ ਸਿਰ ਉਠਾ ਸਕਦੇ ਹੋ। ਸੰਦੇਸ਼ ਹੁਣ ਖਤਮ ਹੋ ਗਿਆ ਹੈ। ਆਓ ਹੁਣ ਬਸ ਅਰਾਧਨਾ ਕਰੀਏ।

ਮੈਂ ਖੂੰਖਾਰ ਸਮੁੰਦਰ ਤੇ ਹੋਰ ਸਫ਼ਰ ਨਹੀਂ ਕਰਾਂਗਾ;
ਤੂਫਾਨ ਖੂੰਖਾਰ, ਡੂੰਘੇ ਸਮੁੰਦਰ ਤੇ ਵਹਿ ਸਕਦਾ ਹੈ,
ਯਿਸੂ ਵਿੱਚ ਮੈਂ ਹਮੇਸ਼ਾ ਸੁਰੱਖਿਅਤ ਹਾਂ।

263 ਹੁਣ ਹਰ ਕੋਈ, ਅਰਾਧਨਾ ਵਿਚ।

ਮੈਂ ਆਪਣੀ ਆਤਮਾ ਨੂੰ ਅਰਾਮ ਦੀ ਪਨਾਹਗਾਹ ਵਿੱਚ
ਰੱਖਿਆ ਹੈ, (ਸਬਤ।)
ਮੈਂ ਖੂੰਖਾਰ ਸਮੁੰਦਰ ਤੇ ਹੋਰ ਸਫ਼ਰ ਨਹੀਂ ਕਰਾਂਗਾ;
ਤੂਫਾਨ ਖੂੰਖਾਰ, ਡੂੰਘੇ ਸਮੁੰਦਰ ਤੇ ਵਹਿ ਸਕਦਾ ਹੈ,
ਯਿਸੂ ਵਿੱਚ ਮੈਂ ਹਮੇਸ਼ਾ ਸੁਰੱਖਿਅਤ ਹਾਂ।

ਮੇਰੇ ਤੇ ਚਮਕ...

ਬਸ ਆਪਣੇ ਆਪ ਨੂੰ ਛੱਡ ਦਿਓ। ਆਪਣੀਆਂ ਅੱਖਾਂ ਬੰਦ ਕਰੋ। ਉਸ ਮਿੱਠੀ ਆਤਮਾ ਨੂੰ ਮਹਿਸੂਸ ਕਰੋ? ਇਹ ਅਰਾਧਨਾ ਹੈ। ਸੰਦੇਸ਼ ਸਮਾਪਤ ਹੋ ਗਿਆ ਹੈ। ਇਹ ਅਰਾਧਨਾ ਹੈ।

ਰੋਸ਼ਨ ਮੁਨਾਰੇ ਤੋਂ ਰੋਸ਼ਨੀ ਮੇਰੇ ਉੱਤੇ ਚਮਕਣ ਦਿਓ;
ਔਹ, ਮੇਰੇ ਉੱਤੇ ਚਮਕੋ, ਹੇ ਪ੍ਰਭੂ, ਮੇਰੇ ਉੱਤੇ ਚਮਕੋ,
ਔਹ, ਰੋਸ਼ਨ ਮੁਨਾਰੇ ਤੋਂ ਰੋਸ਼ਨੀ ਮੇਰੇ ਉੱਤੇ ਚਮਕਣ ਦਿਓ।

264 ਕਿੰਨੇ ਲੋਕ ਅਸਲ ਵਿੱਚ ਚੰਗੇ ਮਹਿਸੂਸ ਕਰ ਰਹੇ ਹਨ? ਆਪਣਾ ਹੱਥ ਖੜ੍ਹਾ ਕਰੋ। ਉਹ ਮਿੱਠੀ, ਨਿਮਰ ਆਤਮਾ, ਇਹੀ ਹੈ।

ਯਿਸੂ ਵਰਗਾ ਬਣਨਾ, ਬਸ ਯਿਸੂ ਵਰਗਾ ਹੋਣਾ,
ਧਰਤੀ ਉੱਤੇ ਮੈਂ ਉਸ ਵਰਗਾ ਬਣਨਾ ਚਾਹੁੰਦਾ ਹਾਂ;
ਧਰਤੀ ਤੋਂ ਮਹਿਮਾ ਤੱਕ ਜੀਵਨ ਦੇ ਸਾਰੇ ਸਫ਼ਰ ਦੌਰਾਨ,
ਮੈਂ ਸਿਰਫ ਉਸ ਵਰਗਾ ਹੋਣ ਲਈ ਮੰਗਦਾ ਹਾਂ...

ਬਸ ਅਰਾਧਨਾ ਕਰੋ।

*ਇਬਰਾਨੀਆਂ, ਅਧਿਆਇ ਚਾਰ* PUN57-0901E

(Hebrews, Chapter Four)

**ਇਬਰਾਨੀਆਂ ਲੜੀ ਦੀ ਕਿਤਾਬ**

ਭਾਈ ਵਿਲੀਅਮ ਮੈਰੀਅਨ ਬ੍ਰਨਹਾਮ ਦਾ ਇਹ ਸੰਦੇਸ਼, ਮੂਲ ਰੂਪ ਵਿਚ ਅੰਗ੍ਰੇਜ਼ੀ ਵਿਚ ਦਿੱਤਾ ਗਿਆ ਸੀ ਐਤਵਾਰ ਸ਼ਾਮ ਨੂੰ, ਸਤੰਬਰ 1, 1957, ਜੇਫਰਸਨਵਿਲੇ, ਇੰਡੀਆਨਾ, ਯੂ.ਐਸ.ਏ. ਵਿੱਚ ਬ੍ਰੈਨਹੈਮ ਟੈਬਰਨੇਕਲ ਵਿਖੇ, ਇਸ ਨੂੰ ਇਕ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿਚ ਬਿਨਾਂ ਘਟਾਏ ਵਧਾਏ ਛਾਪਿਆ ਗਿਆ ਹੈ। ਇਹ ਪੰਜਾਬੀ ਅਨੁਵਾਦ ਵਾਇਸ ਆਫ਼ ਗੌਡ ਰਿਕਾਰਡਿੰਗਜ਼ ਦੁਆਰਾ ਛਾਪਿਆ ਅਤੇ ਵੰਡਿਆ ਗਿਆ ਸੀ।

PUNJABI

©2023 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## ਕਾਪੀਰਾਈਟ ਨੋਟਸਿ

ਸਾਰੇ ਹੱਕ ਰਾਖਵੇਂ ਹਨ । ਇਹ ਕਤਿਾਬ ਨਜਿੀ ਵਰਤੋਂ ਜਾਂ ਯਸਿੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਟਿਰ ਤੇ ਛਾਪੀ ਜਾ ਸਕਦੀ ਹੈ । ਇਹ ਕਤਿਾਬ ਵੋਇਸ ਆਫ ਗੋਡ ਰਕਿਾਰਡਗਿਜ® ਵਲੋਂ ਲਖਿਤੀ ਇਜਾਜ਼ਤ ਦੇ ਬਨਿਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਸਿੇ ਵੈਬਸਾਈਟ ਤੇ ਪੋਸਟ, ਕਸਿੇ ਰੀਟਰੀਵਲ ਸਸਿਟਮ ਤੇ ਸਟੋਰ, ਕਸਿੇ ਹੋਰ ਭਾਸ਼ਾ ਵਚਿ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਰਿਪਾ ਕਰੇ ਸੰਪਰਕ ਕਰੋ:

Voice Of God Recordings
P.O. Box 950, Jeffersonville, Indiana 47131 U.S.A.
www.branham.org